PUNJABSTAR.COM

# ਪੰਜਾਬ ਸਟਾਰ


Phone: 905-673-7666 , Fax: 1-289-206-8611

01 ਅਗਸਤ ਤੋਂ 07 ਅਗਸਤ, 2024

Email :- editor@punjabstar.com, Vo. 20. Issue:1145


# ਕੇਰਲਾ ਦੇ ਵਾਇਨਾਡ 'ਚ ਜ਼ਮੀਨ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ 264 ਤੱਕ ਪਹੁੰਚੀ

## 200 ਅਜੇ ਵੀ ਲਾਪਤਾ



ਵਾਇਨਾਡ (ਪੰਜਾਬ ਸਟਾਰ ਬਿਊਰੋ): ਕੇਰਲਾ ਦੇ ਵਾਇਨਾਡ 'ਚ ਜ਼ਮੀਨ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ 264 ਹੋ ਗਈ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇੱਥੇ ਦੱਸਿਆ ਕਿ ਲਗਭਗ 200 ਲੋਕ ਅਜੇ ਵੀ ਲਾਪਤਾ ਹਨ। ਕੇਰਲਾ ਦੀ ਸਭ ਤੋਂ ਭਿਆਨਕ ਕੁਦਰਤੀ ਆਫ਼ਤ ਦੇ ਤੀਜੇ ਦਿਨ 1,200 ਤੋਂ ਵੱਧ ਬਚਾਅ ਅਧਿਕਾਰੀਆਂ ਨੇ ਸਵੇਰੇ ਆਪਣਾ ਕੰਮ ਸ਼ੁਰੂ ਕੀਤਾ। ਸਥਾਨਕ ਲੋਕਾਂ ਤੋਂ ਇਲਾਵਾ ਵੱਖ-ਵੱਖ ਸੈਨਾ, ਜਲ ਸੈਨਾ, ਹਵਾਈ ਸੈਨਾ, ਪਲਿਸ, ਫਾਇਰ ਫੋਰਸਿਜ਼ ਦੇ ਅਧਿਕਾਰੀਆਂ ਨੂੰ ਸ਼ਾਮਲ ਕਰਨ ਵਾਲੇ ਵਿਸ਼ਾਲ ਬਚਾਅ ਕਾਰਜ ਇਸ ਸਮੇਂ ਵਾਇਨਾਡ ਜ਼ਿਲ੍ਹੇ ਦੇ ਚਾਰ ਸਭ ਤੋਂ ਵੱਧ ਪ੍ਰਭਾਵਿਤ ਜ਼ਮੀਨ ਖਿਸਕਣ ਵਾਲੇ ਖੇਤਰਾਂ-ਚੂਰਲਪਾੜਾ,

ਬਾਕੀ ਸਫਾ 2 'ਤੇ

## ਉਤਰਾਖੰਡ 'ਚ ਫੱਟਿਆ ਬੱਦਲ, 100 ਤੋਂ ਵੱਧ ਸੈਲਾਨੀ ਹੋਏ ਲਾਪਤਾ





ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ): ਬੁੱਧਵਾਰ ਨੂੰ ਪਏ ਭਾਰੀ ਮੀਂਹ ਕਾਰਨ ਉੱਤਰਾਖੰਡ 'ਚ ਤਬਾਹੀ ਦੀ ਸਥਿਤੀ ਬਣੀ ਹੋਈ ਹੈ। ਕਈ ਥਾਵਾਂ 'ਤੇ ਬੱਦਲ ਫਟਣ ਕਾਰਨ ਕਈ ਘਰ ਰੁੜ੍ਹ ਗਏ ਹਨ, ਜਦਕਿ ਕਈ ਲੋਕ ਲਾਪਤਾ ਦੱਸੇ ਜਾ ਰਹੇ ਹਨ। ਕੇਦਾਰਨਾਥ 'ਚ ਭਾਰੀ ਮੀਂਹ ਕਾਰਨ ਮੰਦਾਕਿਨੀ ਨਦੀ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਭਾਰੀ ਬਰਸਾਤ ਕਾਰਨ ਫੁੱਟਪਾਥ 'ਤੇ ਚਿੱਕੜ ਉੱਡ ਗਿਆ ਹੈ, ਜਿਸ ਕਾਰਨ ਫੁੱਟਪਾਥ 'ਤੇ ਕਈ ਥਾਵਾਂ 'ਤੇ ਮਲਬਾ ਡਿੱਗ ਗਿਆ ਹੈ। ਐਸਡੀਆਰਐਫ ਦੀ ਬਚਾਅ ਟੀਮ ਮੌਕੇ 'ਤੇ ਪਹੁੰਚ ਗਈ ਹੈ।

ਭਾਰੀ ਮੀਂਹ ਦੇ ਅਲਰਟ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਪਹਿਲਾਂ ਹੀ ਸ਼ਰਧਾਲੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿੱਤਾ ਸੀ। ਕੇਦਾਰਨਾਥ ਪੈਦਲ ਮਾਰਗ ਦੇ ਭੀਮਬਲੀ ਅਤੇ ਲਿਨਚੋਲੀ ਵਿੱਚ ਸਭ ਤੋਂ ਵੱਧ ਨੁਕਸਾਨ ਹੋਣ ਦੀ ਖਬਰ ਹੈ।

ਬਾਕੀ ਸਫਾ 2 'ਤੇ

## ਓਲੰਪਿਕ 'ਚ ਭਾਰਤੀ ਹਾਕੀ ਟੀਮ ਦੀ ਸ਼ਾਨਦਾਰ ਜਿੱਤ, ਤੀਜੇ ਮੈਚ 'ਚ ਆਇਰਲੈਂਡ ਨੂੰ 2-0 ਨਾਲ ਹਰਾਇਆ



(ਪੰਜਾਬ ਸਟਾਰ ਬਿਊਰੋ)

ਪੈਰਿਸ : ਭਾਰਤੀ ਹਾਕੀ ਟੀਮ ਨੇ ਪੈਰਿਸ ਓਲੰਪਿਕ 2024 ਵਿੱਚ ਆਇਰਲੈਂਡ ਨੂੰ 2-0 ਨਾਲ ਹਰਾਇਆ। ਭਾਰਤ ਦੇ ਲਈ ਦੋਵੇਂ ਹੀ ਗੋਲ ਕਪਤਾਨ ਹਰਮਨਪ੍ਰੀਤ ਸਿੰਘ ਨੇ ਕੀਤੇ। ਭਾਰਤ ਨੇ ਇਸ ਜਿੱਤ ਦੇ ਨਾਲ ਹੀ ਗਰੁੱਪ-ਬੀ ਵਿੱਚ ਪਹਿਲਾ ਸਥਾਨ ਹਾਸਿਲ ਕਰ ਲਿਆ ਹੈ। ਇਹ ਭਾਰਤ ਦਾ ਤੀਜਾ ਮੈਚ ਸੀ। ਭਾਰਤ ਨੇ ਪਹਿਲੇ ਮੈਚ ਵਿੱਚ ਨਿਊਜ਼ੀਲੈਂਡ ਨੂੰ ਹਰਾਇਆ ਸੀ। ਦੂਜੇ ਮੈਚ ਵਿੱਚ ਅਰਜਨਟੀਨਾ ਦੇ ਖਿਲਾਫ਼ ਡਰਾਅ ਮੈਚ ਖੇਡਿਆ ਸੀ। ਭਾਰਤੀ ਟੀਮ ਆਇਰਲੈਂਡ ਨੂੰ ਹਰਾਉਣ ਦੇ ਨਾਲ ਹੀ ਆਪਣੇ ਗਰੁੱਪ ਬੀ ਵਿੱਚ ਪਹਿਲੇ ਨੰਬਰ 'ਤੇ ਪਹੁੰਚ ਗਈ ਹੈ। ਭਾਰਤੀ ਟੀਮ ਦੇ 2 ਜਿੱਤਾਂ ਤੇ ਇੱਕ ਡਰਾਅ ਨਾਲ 7 ਅੰਕ ਹਨ।

ਭਾਰਤ ਦਾ ਅਗਲਾ ਮੁਕਾਬਲਾ ਹੁਣ ਬੈਲਜੀਅਮ ਨਾਲ ਹੋਣਾ ਹੈ। ਦੋਵੇਂ ਹੀ ਟੀਮਾਂ 1 ਅਗਸਤ ਨੂੰ ਇੱਕ-ਦੂਜੇ ਦੇ ਨਾਲ ਭਿੜਣਗੀਆਂ। ਬੈਲਜੀਅਮ ਨੂੰ ਭਾਰਤ ਨਾਲ ਮੁਕਾਬਲੇ ਤੋਂ ਪਹਿਲਾਂ ਆਸਟ੍ਰੇਲੀਆ ਨਾਲ ਖੇਡਣਾ ਹੈ। ਆਸਟ੍ਰੇਲੀਆ ਤੇ ਬੈਲਜੀਅਮ ਦੋਵੇਂ ਹੀ ਹੁਣ ਤੱਕ ਦੋ-ਦੋ ਮੈਚ ਖੇਡ ਚੁੱਕੇ ਹਨ ਤੇ ਦੋਵੇਂ ਹੀ ਮੈਚ ਜਿੱਤੇ ਹਨ। ਬੈਲਜੀਅਮ ਗਰੁੱਪ ਵਿੱਚ ਦੂਜੇ ਤੇ ਆਸਟ੍ਰੇਲੀਆ ਤੀਜੇ ਨੰਬਰ 'ਤੇ ਹੈ। ਅਰਜਨਟੀਨਾ ਚੌਥੇ ਨੰਬਰ 'ਤੇ ਹੈ। ਨਿਊਜ਼ੀਲੈਂਡ ਤੇ ਆਇਰਲੈਂਡ ਕ੍ਰਮਵਾਰ ਪੰਜਵੇਂ ਤੇ ਛੇਵੇਂ ਨੰਬਰ 'ਤੇ ਹਨ। ਮੰਗਲਵਾਰ ਨੂੰ ਹੀ ਬੈਲਜੀਅਮ ਨੂੰ ਆਸਟ੍ਰੇਲੀਆ ਤੇ ਅਰਜਨਟੀਨਾ ਨੂੰ ਨਿਊਜ਼ੀਲੈਂਡ ਨਾਲ ਮੈਚ ਖੇਡਣਾ ਹੈ। ਨਿਊਜ਼ੀਲੈਂਡ ਦੀ ਟੀਮ ਜੇਕਰ ਹਾਰੀ ਤਾਂ ਉਹ ਕੁਆਰਟਰ ਫਾਈਨਲ ਦੀ ਦੌੜ ਵਿੱਚੋਂ ਬਾਹਰ ਹੋ ਜਾਵੇਗੀ।

ਭਾਰਤ ਨੇ ਆਇਰਲੈਂਡ ਦੇ ਖਿਲਾਫ਼ ਚੰਗੀ ਸ਼ੁਰੂਆਤ ਕੀਤੀ ਹੈ। ਭਾਰਤੀ ਟੀਮ ਨੇ ਦੂਜੇ ਹੀ ਮਿੰਟ ਵਿੱਚ ਪੈਨੇਲਟੀ ਕਾਰਨਰ ਹਾਸਿਲ ਕੀਤਾ। ਹਾਲਾਂਕਿ ਹਰਮਨਪ੍ਰੀਤ ਸਿੰਘ

ਬਾਕੀ ਸਫਾ 2 'ਤੇ

## ਸੋਨੀਆ ਸਿੱਧੂ ਦਾ ਸਲਾਨਾ ਬਾਰ-ਬੀਕਿਊ ਹੋਇਆ ਬਰੈਂਪਟਨ 'ਚ

### ਵੱਡੀ ਗਿਣਤੀ ਵਿਚ ਪਹੁੰਚੇ ਸਿਆਸਤਦਾਨ, ਸੀਨੀਅਰਜ਼ ਤੇ ਲਿਬਰਲ ਹਮਾਇਤੀ




ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 28 ਜੁਲਾਈ ਨੂੰ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਆਪਣਾ ਸਲਾਨਾ ਬਾਰ-ਬੀਕਿਊ ਬਰੈਂਪਟਨ ਦੀ 43 ਕਲੈਮੈਂਟਾਈਨ ਡਰਾਈਵ ਸਥਿਤ 'ਲੌਗਹੀਡ ਪਾਰਕ' ਵਿਚ ਧੂਮਧਾਮ ਨਾਲ ਕੀਤਾ। ਇਸ ਮੌਕੇ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਅਤੇ ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਜਨਾਬ ਸ਼ਫ਼ਕਤ ਅਲੀ, ਸੀਨੀਅਰਜ਼ ਕਲੱਬਾਂ ਦੇ ਮੈਂਬਰ ਸਾਹਿਬਾਨ ਅਤੇ ਬਰੈਂਪਟਨ ਵਿਚ ਵੱਸਦੀਆਂ ਵੱਖ-ਵੱਖ ਕਮਿਊਨਿਟੀਆਂ ਦੇ ਲਿਬਰਲ ਪਾਰਟੀ ਦੇ ਹਮਾਇਤੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਸ ਮੌਕੇ ਦਰਜਨ ਤੋਂ ਵਧੀਕ ਸਥਾਨਕ ਸੰਸਥਾਵਾਂ, ਬਿਜ਼ਨੈੱਸ ਅਦਾਰਿਆਂ ਅਤੇ ਸਰਵਿਸ ਖ਼ੇਤਰ ਨਾਲ ਜੁੜੀਆਂ ਆਰਗੇਨਾਈਜ਼ੇਸ਼ਨਾਂ ਵੱਲੋਂ ਆਪਣੇ ਸਟਾਲ ਲਗਾ ਕੇ ਵੱਖ-ਵੱਖ ਕਿਸਮ ਦੀ ਜਾਣਕਾਰੀ ਲੋਕਾਂ ਨਾਲ ਸਾਂਝੀ ਕੀਤੀ ਗਈ। ਆਏ ਮਹਿਮਾਨਾਂ ਤੇ ਹਮਾਇਤੀਆਂ ਦਾ ਹਾਰਦਿਕ ਸੁਆਗ਼ਤ ਕਰਦਿਆਂ ਸੋਨੀਆ ਸਿੱਧੂ ਨੇ ਕਿਹਾ, "ਮੈਨੂੰ ਅੱਜ ਬੜੀ ਖ਼ੁਸ਼ੀ ਤੇ ਉਮਾਹ ਦਾ ਅਹਿਸਾਸ ਹੋ ਰਿਹਾ ਹੈ ਜਦੋਂ ਮੈਂ ਇੱਥੇ ਇਸ ਪਾਰਕ ਵਿਚ ਏਨੀ ਵੱਡੀ ਗਿਣਤੀ ਵਿਚ ਇਸ ਬਾਰ-ਬੀਕਿਊ ਸਮਾਗ਼ਮ ਵਿਚ ਸ਼ਾਮਲ ਹੋਏ ਮਹਿਮਾਨਾਂ ਤੇ ਸਮੱਰਥਕਾਂ ਨੂੰ ਵੇਖ ਰਹੀ ਹਾਂ। ਇਹ ਕੇਵਲ ਸਲਾਨਾ ਬਾਰ-ਬੀਕਿਊ ਹੀ ਨਹੀਂ ਹੈ,

ਬਾਕੀ ਸਫਾ 2 'ਤੇ

## ਡਾਇਰੀਆ ਦਾ ਕਹਿਰ; 17 ਲੋਕਾਂ ਦੀ ਹੋਈ ਮੌਤ, 800 ਬੀਮਾਰ



ਜਬਲਪੁਰ : ਮੱਧ ਪ੍ਰਦੇਸ਼ ਦੇ ਜਬਲਪੁਰ ਦੇ ਤਿੰਨ ਜ਼ਿਲ੍ਹਿਆਂ 'ਚ ਡਾਇਰੀਆ ਨਾਲ 17 ਲੋਕਾਂ ਦੀ ਮੌਤ ਹੋ ਚੁੱਕੀ ਹੈ। ਵੀਰਵਾਰ ਨੂੰ ਇਕ ਸਿਹਤ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਸਿਹਤ ਸੇਵਾਵਾਂ ਦੇ ਖੇਤਰੀ ਡਾਇਰੈਕਟਰ ਸੰਜੇ ਡੀ. ਮਿਸ਼ਰਾ ਨੇ ਦੱਸਿਆ ਕਿ ਡਾਇਰੀਆ ਨਾਲ ਕੁੱਲ 800 ਲੋਕ ਬੀਮਾਰ ਹੋਏ ਹਨ। ਇਨ੍ਹਾਂ 17 ਮੌਤਾਂ 'ਚੋਂ 6-6 ਜਬਲਪੁਰ ਅਤੇ ਮੰਡਲਾ ਜ਼ਿਲ੍ਹਿਆਂ 'ਚ ਹੋਈਆਂ, ਜਦੋਂ ਕਿ 5 ਮੌਤਾਂ ਡਿੰਡੋਰੀ ਜ਼ਿਲ੍ਹੇ 'ਚ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਮੌਤਾਂ ਡੇਢ ਮਹੀਨੇ 'ਚ ਹੋਈਆਂ ਹਨ। ਮਿਸ਼ਰਾ ਨੇ ਦੱਸਿਆ ਕਿ ਡਾਇਰੀਆ ਦੇ ਸਭ ਤੋਂ ਜ਼ਿਆਦਾ ਕਰੀਬ 350 ਮਰੀਜ਼ ਡਿੰਡੋਰੀ ਜ਼ਿਲ੍ਹੇ 'ਚ ਪਾਏ ਗਏ ਅਤੇ ਇਨ੍ਹਾਂ 'ਚੋਂ 5 ਦੀ ਮੌਤ ਹੋ ਗਈ।

ਉਨ੍ਹਾਂ ਦੱਸਿਆ ਕਿ ਮੰਡਲਾ 'ਚ ਡਾਇਰੀਆ ਦੇ ਕਰੀਬ 180 ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਜਬਲਪੁਰ 'ਚ ਕੁੰਡਮ, ਸਿਹੋਰਾ ਅਤੇ ਪਾਟਨ ਬਲਾਕ 'ਚ 150 ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਮਰੀਜ਼ਾਂ ਦੀ ਜਾਂਚ ਕੀਤੀ ਗਈ ਹੈ ਅਤੇ ਕੁਝ ਥਾਵਾਂ 'ਤੇ ਪਾਣੀ ਦੂਸ਼ਿਤ ਪਾਇਆ ਗਿਆ ਹੈ।

ਬਾਕੀ ਸਫਾ 2 'ਤੇ

## ਬੀ.ਸੀ. 'ਚ ਨਸ਼ਿਆਂ ਦੀ ਓਵਰਡੋਜ਼ ਕਾਰਨ 1158 ਮੌਤਾਂ




ਵੈਨਕੂਵਰ (ਪੰਜਾਬ ਸਟਾਰ ਬਿਊਰੋ): ਬੀ.ਸੀ. ਵਿਚ ਨਸ਼ਿਆਂ ਦੀ ਓਵਰਡੋਜ਼ ਨਾਲ ਰੋਜ਼ਾਨਾ 6 ਮੌਤਾਂ ਹੋ ਰਹੀਆਂ ਹਨ ਅਤੇ ਮੌਜੂਦਾ ਵਰ੍ਹੇ ਦੇ ਪਹਿਲੇ ਛੇ ਮਹੀਨੇ ਦੌਰਾਨ 1,158 ਜਣਿਆਂ ਨੇ ਜਾਨ ਗਵਾਈ। ਬੀ.ਸੀ. ਕੌਰੋਨਰਜ਼ ਸਰਵਿਸ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਮਈ ਮਹੀਨੇ ਦੌਰਾਨ 181 ਜਣਿਆਂ ਦੀ ਜਾਨ ਗਈ ਅਤੇ ਜੂਨ ਵਿਚ 185 ਜਣਿਆਂ ਨੇ ਦਮ ਤੋੜਿਆ। ਭਾਵੇਂ ਕੁਲ ਮਿਲਾ ਕੇ ਪਿਛਲੇ ਸਾਲ ਦੇ ਮੁਕਾਬਲੇ ਮੌਤਾਂ ਦੀ ਗਿਣਤੀ 9 ਫੀ ਸਦੀ ਘਟੀ ਹੈ ਪਰ ਨਸ਼ਿਆਂ ਕਾਰਨ ਜਾਨ ਗਵਾਉਣ ਵਾਲੀਆਂ ਔਰਤਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਕਾਰਜਕਾਰੀ ਚੀਫ ਕੌਰੋਨਰ ਜੌਹਨ ਮੈਕਨਮੀ ਦਾ ਕਹਿਣਾ ਸੀ ਕਿ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਕਿਸੇ ਤਰਾਸਦੀ ਤੋਂ ਘੱਟ ਨਹੀਂ। ਮਈ ਅਤੇ ਜੂਨ ਦੌਰਾਨ ਜਾਨ ਗਵਾਉਣ ਵਾਲਿਆਂ ਵਿਚੋਂ ਅੱਧੇ 30 ਸਾਲ ਤੋਂ 49 ਸਾਲ ਉਮਰ ਵਾਲੇ ਸਨ। ਮੌਜੂਦਾ ਵਰ੍ਹੇ

ਬਾਕੀ ਸਫਾ 2 'ਤੇ

## ਕੈਨੇਡਾ ਦੀ ਓਨਟਾਰੀਓ ਸਰਕਾਰ ਵੱਲੋਂ ਕਰਾਈਮ ਰੋਕਣ ਲਈ ਤਿੰਨ ਹੈਲੀਕਾਪਟਰ ਖਰੀਦੇ




ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਦੇ ਸੂਬੇ ਓਨਟਾਰੀਓ ਦੀ ਸਰਕਾਰ ਵੱਲੋਂ ਸੂਚਨਾ ਜਾਣਕਾਰੀ ਕੀਤੀ ਹੈ ਕਿ ਸੂਬੇ ਚ ਕਾਰ ਚੋਰਾਂ, ਸ਼ਰਾਬੀ ਡਰਾਈਵਰਾਂ ਅਤੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਵਾਸਤੇ ਤਿੰਨ ਨਵੇਂ ਹੈਲੀਕਾਪਟਰਾ ਦੀ ਖ੍ਰੀਦਣ ਜਾ ਰਹੀ ਹੈ। ਜੋ ਕੇ ਬਰੈਂਪਟਨ, ਮਿਸੀਸਾਗਾ, ਟੋਰਾਂਟੋ, ਓਟਾਵਾ ਇਲਾਕੇ ਵਿੱਚ ਅਪਰਾਧੀਆਂ ਨੂੰ ਕਾਬੂ ਕਰਨ ਲਈ ਮੱਦਦ ਕਰਨਗੇ ।





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?


ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
ਵਾਜ਼ਬ ਕੀਮਤ
ਵਧੀਆ ਸਰਵਿਸ
647-808-9569,
416-388-1605
1246 Aimco Blvd, Mississauga, ON L4W 1B2





**Gill Tire Centre**
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned & Operated
Ph: 905-456-9090



Vik Mehmi
Broker
416-500-6262

# ਅਮਰੀਕਾ ਦੇ ਬਾਰਡਰ 'ਤੇ ਫੜੇ 83 ਹਜ਼ਾਰ ਪ੍ਰਵਾਸੀ

## ਵੱਡੀ ਗਿਣਤੀ ਵਿਚ ਪ੍ਰਵਾਸੀਆਂ ਨੂੰ ਕੀਤਾ ਜਾਵੇਗਾ ਡਿਪੋਰਟ



ਸੈਨ ਡਿਆਗੋ : ਨਾਜਾਇਜ਼ ਤਰੀਕੇ ਨਾਲ ਅਮਰੀਕਾ ਦਾਖਲ ਹੋ ਰਹੇ ਪ੍ਰਵਾਸੀਆਂ ਦੀ ਫੜੋ-ਫੜੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਜੂਨ ਮਹੀਨੇ ਦੌਰਾਨ 83,536 ਪ੍ਰਵਾਸੀਆਂ ਨੂੰ ਬਾਰਡਰ ਤੋਂ ਕਾਬੂ ਕੀਤਾ ਗਿਆ। ਬਾਰਡਰ ਏਜੰਟਾਂ ਨੂੰ ਅਸਾਇਲਮ ਦੇ ਦਾਅਵੇ ਰੱਦ ਕਰਨ ਦਾ ਹੱਕ ਮਿਲਣ ਮਗਰੋਂ ਮੈਕਸੀਕੋ ਦੇ ਰਸਤੇ ਅਮਰੀਕਾ ਦਾਖਲ ਹੋਣ ਵਾਲਿਆਂ ਦੀ ਗਿਣਤੀ ਵਿਚ ਵੱਡੀ ਕਮੀ ਆਈ ਹੈ। ਦੂਜੇ ਪਾਸੇ ਇਕ ਨਵੀਂ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕਾ ਵਿਚ ਬਗੈਰ ਇੰਮੀਗ੍ਰੇਸ਼ਨ ਸਟੇਟਸ ਤੋਂ ਰਹਿ ਰਹੇ ਪ੍ਰਵਾਸੀ 100 ਅਰਬ ਡਾਲਰ ਦਾ ਟੈਕਸ ਅਦਾ ਕਰ ਰਹੇ ਹਨ। ਅਮਰੀਕਾ ਦੇ ਦੱਖਣੀ ਬਾਰਡਰ 'ਤੇ ਰੋਜ਼ਾਨਾ ਕਾਬੂ ਕੀਤੇ ਜਾ ਰਹੇ ਪ੍ਰਵਾਸੀਆਂ ਦੀ ਔਸਤ ਗਿਣਤੀ ਢਾਈ ਹਜ਼ਾਰ ਦੱਸੀ ਜਾ ਰਹੀ ਹੈ ਅਤੇ ਰਾਸ਼ਟਰਪਤੀ ਜੋਅ ਬਾਇਡਨ ਦੇ ਸੱਤਾ ਸੰਭਾਲਣ ਮਗਰੋਂ ਪਹਿਲੀ ਵਾਰ ਇਕ ਮਹੀਨੇ ਦੌਰਾਨ ਰੋਕੇ ਪ੍ਰਵਾਸੀਆਂ ਦੀ ਗਿਣਤੀ ਐਨੇ ਹੇਠਲੇ ਪੱਧਰ 'ਤੇ ਆਈ ਹੈ।

ਬਾਇਡਨ ਸਰਕਾਰ ਵੱਲੋਂ ਬੀਤੀ 5 ਜੂਨ ਤੋਂ ਬਾਰਡਰ ਏਜੰਟਾਂ ਨੂੰ ਅਸਾਇਲਮ ਦੇ ਦਾਅਵੇ ਰੱਦ ਕਰਨ ਦਾ ਹੱਕ ਦਿਤਾ ਗਿਆ ਜਿਸ ਦਾ ਅਸਰ ਸਾਫ ਨਜ਼ਰ ਆਇਆ। ਦੱਸ ਦੇਈਏ ਕਿ ਚਾਰ ਸਾਲ ਪਹਿਲਾਂ ਸਤੰਬਰ 2020 ਵਿਚ 40,507 ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ ਗਿਆ ਜੋ ਪਿਛਲੇ ਕੁਝ ਵਰ੍ਹਿਆਂ ਦਾ ਸਭ ਤੋਂ ਹੇਠਲਾ ਅੰਕੜਾ ਮੰਨਿਆ ਜਾ ਰਿਹਾ ਹੈ ਪਰ ਦਸੰਬਰ 2023 ਵਿਚ ਸਭ ਤੋਂ ਵੱਧ ਢਾਈ ਲੱਖ ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ ਗਿਆ। ਨਵੰਬਰ ਵਿਚ ਹੋਣ ਵਾਲੀਆਂ ਆਮ ਚੋਣਾਂ ਦੇ ਮੱਦੇਨਜ਼ਰ ਨਾਜਾਇਜ਼ ਪ੍ਰਵਾਸ ਭਖਦਾ ਮੁੱਦਾ ਬਣਿਆ ਹੋਇਆ ਹੈ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੌਨਲਡ ਟਰੰਪ ਐਲਾਨ ਕਰ ਚੁੱਕੇ ਹਨ ਕਿ ਸੱਤਾ ਵਿਚ ਆਉਣ 'ਤੇ ਲੱਖਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰ ਦਿਤਾ ਜਾਵੇਗਾ। ਦੂਜੇ ਪਾਸੇ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਐਨੇ ਵੱਡੇ ਪੱਧਰ 'ਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨਾ ਸੰਭਵ ਹੀ ਨਹੀਂ। ਟਰੰਪ ਵੱਲੋਂ ਆਪਣੇ ਇਕ ਚੋਣ ਇਸ਼ਤਿਹਾਰ ਵਿਚ ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ 'ਬਾਰਡਰ ਜ਼ਾਰ' ਦਸਦਿਆਂ ਅਮਰੀਕਾ ਵਾਸੀਆਂ ਦੀ ਪ੍ਰੇਸ਼ਾਨੀ ਦਾ ਕਾਰਨ ਦੱਸਿਆ ਜਾ ਰਿਹਾ ਹੈ ਜੋ ਗੈਰਕਾਨੂੰਨੀ ਪ੍ਰਵਾਸੀਆਂ ਦੀ ਵੱਡੇ ਪੱਧਰ 'ਤੇ ਆਮਦ ਕਾਰਨ ਹੋ ਰਹੀ ਹੈ।

## ਕੈਨੇਡਾ ਵਿਚ ਘਰ ਕਰਜ਼ਾ ਮੋੜਨ ਲਈ 1 ਅਗਸਤ ਤੋਂ ਮਿਲਣਗੇ 30 ਸਾਲ



ਔਟਵਾ : ਕੈਨੇਡਾ ਵਿਚ 1 ਅਗਸਤ ਤੋਂ ਘਰ ਖਰੀਦਣ ਲਈ ਕਰਜ਼ਾ ਲੈਣ ਵਾਲੇ 30 ਸਾਲ ਦੀਆਂ ਕਿਸ਼ਤਾਂ ਕਰ ਸਕਣਗੇ। ਜੀ ਹਾਂ, ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਕਿਹਾ ਕਿ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਆਪਣਾ ਕਰਜ਼ਾ ਉਤਾਰਨ ਲਈ ਪੰਜ ਸਾਲ ਦਾ ਵਾਧੂ ਸਮਾਂ ਮਿਲੇਗਾ ਅਤੇ ਆਰਥਿਕ ਬੋਝ ਵੀ ਘਟੇਗਾ। ਉਨ੍ਹਾਂ ਅੱਗੇ ਕਿਹਾ ਕਿ ਕਰਜ਼ਾ ਮੋੜਨ ਲਈ ਵੱਧ ਸਮਾਂ ਮਿਲਣ ਨਾਲ ਵਧੇਰੇ ਕੈਨੇਡੀਅਨ ਮਕਾਨ ਖਰੀਦਣ ਬਾਰੇ ਸੋਚ ਸਕਦੇ ਹਨ ਅਤੇ ਅਸਮਾਨ ਛੂੰਹਦੇ ਕਿਰਾਏ ਤੋਂ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ।

ਅਜੋਕੇ ਦੌਰ ਵਿਚ ਹਰ ਨੌਜਵਾਨ ਆਪਣਾ ਘਰ ਖਰੀਦਣਾ ਚਹੁੰਦਾ ਹੈ ਅਤੇ ਅਜਿਹੇ ਵਿਚ ਕਰਜ਼ਾ ਵਾਪਸੀ ਲਈ 30 ਸਾਲ ਦਾ ਸਮਾਂ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਵਿਚ ਸਹਾਈ ਸਾਬਤ ਹੋਵੇਗਾ। ਕ੍ਰਿਸਟੀਆ ਫਰੀਲੈਂਡ ਨੇ ਦਾਅਵਾ ਕੀਤਾ ਕਿ ਨੌਜਵਾਨ ਕੈਨੇਡੀਅਨਜ਼ ਨੂੰ ਘਰ ਦਾ ਮਾਲਕ ਬਣਾਉਣ ਲਈ ਲਿਬਰਲ ਸਰਕਾਰ ਵੱਲੋਂ ਇਹ ਯੋਜਨਾ ਆਰੰਭੀ ਗਈ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਟੈਕਸ ਮੁਕਤ ਸੇਵਿੰਗਜ਼ ਅਕਾਊਂਟ ਬੇਹੱਦ ਲਾਹੇਵੰਦ ਸਾਬਤ ਹੋ ਰਹੇ ਹਨ ਅਤੇ ਹੁਣ ਤੱਕ ਸਾਢੇ ਸੱਤ ਲੱਖ ਤੋਂ ਕੈਨੇਡੀਅਨ ਡਾਊਨ ਪੇਮੈਂਟ ਵਾਸਤੇ ਬੱਚਤ ਕਰਨ ਦਾ ਸਿਲਸਿਲਾ ਸ਼ੁਰੂ ਕਰ ਚੁੱਕੇ ਹਨ। ਇਥੇ ਦਸਣਾ ਬਣਦਾ ਹੈ ਕਿ ਬੈਂਕ ਆਫ ਕੈਨੇਡਾ ਵੱਲੋਂ ਭਾਵੇਂ ਦੋ ਕਿਸ਼ਤਾਂ ਵਿਚ ਵਿਆਜ ਦਰ ਅੱਧਾ ਫੀ ਸਦੀ ਘਟਾਈ ਜਾ ਚੁੱਕੀ ਹੈ ਪਰ ਮੌਜੂਦਾ ਵਿਆਜ ਦੇ ਹਿਸਾਬ ਨਾਲ ਵੀ ਹਜ਼ਾਰਾਂ ਲੋਕਾਂ ਵਾਸਤੇ ਕਰਜ਼ੇ ਦੀਆਂ ਕਿਸ਼ਤਾਂ ਵਾਪਸ ਕਰਨੀਆਂ ਮੁਸ਼ਕਲ ਹੋ ਰਹੀਆਂ ਹਨ।

# ਟਰੰਪ ਵੱਲੋਂ ਇਸਾਈ ਭਾਈਚਾਰੇ ਨੂੰ ਆਖਰੀ ਵਾਰ ਵੋਟ ਪਾਉਣ ਦੇ ਦਿੱਤੇ ਸੱਦੇ ਨੇ ਚੋਣ ਮੈਦਾਨ ਦਾ ਬਦਲਿਆ ਰੰਗ





ਸੈਕਰਾਮੈਂਟੋ,ਕੈਲੀਫੋਰਨੀਆ : - ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਇਸਾਈ ਭਾਈਚਾਰੇ ਨੂੰ ਸੱਦਾ ਦਿੱਤਾ ਕਿ " ਉਹ ਇਸ ਸਾਲ ਨਵੰਬਰ ਵਿਚ ਜੇਕਰ ਉਸ ਨੂੰ ਵੋਟ ਪਾਉਂਦੇ ਹਨ ਤੇ 4 ਸਾਲ ਲਈ ਸੱਤਾ ਸੌਂਪਦੇ ਹਨ ਤਾਂ ਫਿਰ ਦੁਬਾਰਾ ਉਨਾਂ ਨੂੰ ਵੋਟ ਪਾਉਣ ਦੀ ਲੋੜ ਨਹੀਂ ਪਵੇਗੀ। ਅਸੀਂ ਇਸ ਦਾ ਬਹੁਤ ਚੰਗੀ ਤਰਾਂ ਪ੍ਰਬੰਧ ਕਰਾਂਗੇ ਕਿ ਤੁਸੀਂ ਦੁਬਾਰਾ ਵੋਟ ਪਾਉਣ ਨਹੀਂ ਜਾਓਗੇ। " ਟਰੰਪ ਕੰਜ਼ਰਵੇਟਿਵ ਗਰੁੱਪ ਟਰਨਿੰਗ ਪੋਆਇੰਟ ਐਕਸ਼ਨ ਦੁਆਰਾ ਵੈਸਟ ਪਾਲਮ ਬੀਚ, ਫਲੋਰਿਡਾ ਵਿਚ ਅਯੋਜਿਤ ਇਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਹ ਸਪੱਸ਼ਟ ਨਹੀਂ ਹੈ ਕਿ ਸਾਬਕਾ ਰਾਸ਼ਟਰਪਤੀ ਦੇ ਸੱਦੇ ਦਾ ਕੀ ਅਰਥ ਹੈ। ? ਖਾਸ ਕਰ ਉਸ ਹਾਲਾਤ ਵਿਚ ਜਦੋਂ ਉਨਾਂ ਦੇ ਡੈਮੋਕਰੈਟਿਕ ਵਿਰੋਧੀ ਕਹਿ ਰਹੇ ਹਨ ਕਿ ਉਹ ਲੋਕਤੰਤਰ ਲਈ ਖਤਰਾ ਹਨ। 2020 ਵਿਚ ਰਾਸ਼ਟਰਪਤੀ ਜੋ ਬਾਈਡਨ ਕੋਲੋਂ ਚੋਣਾਂ ਹਾਰਨ ਤੋਂ ਬਾਅਦ ਟਰੰਪ ਵੱਲੋਂ ਨਤੀਜੇ ਉਲਟਾਉਣ ਦੀ ਕੀਤੀ ਗਈ ਹਮਲਾਵਰ ਕੋਸ਼ਿਸ਼ ਤੋਂ ਬਾਅਦ ਡੈਮੋਕਰੈਟਿਕ ਉਨਾਂ ਨੂੰ ਅਮਰੀਕਾ ਤੇ ਲੋਕਤੰਤਰ ਲਈ ਖਤਰਾ ਕਰਾਰ ਦੇ ਰਹੇ ਹਨ। ਟਰੰਪ ਨੇ ਕਿਹਾ " ਇਸਾਈਓ ਬਾਹਰ ਨਿਕਲੋ ਤੇ ਵੋਟ ਪਾਓ, ਕੇਵਲ ਇਸ ਵਾਰ, ਤੁਹਾਨੂੰ ਦੁਬਾਰਾ ਅਜਿਹਾ ਨਹੀਂ ਕਰਨਾ ਪਵੇਗਾ। ਚਾਰ ਸਾਲ ਹੋਰ, ਤੁਸੀਂ ਜਾਣਦੇ ਹੋ, ਇਹ ਪੱਕੇ ਕਰ ਲਏ ਜਾਣਗੇ, ਮੇਰੇ ਸੋਹਣੇ ਇਸਾਈਓ ਇਹ ਸ਼ਾਨਦਾਰ ਰਹੇਗਾ। " ਟਰੰਪ ਨੇ ਹੋਰ ਕਿਹਾ "ਇਸਾਈਓ ਮੈ ਤੁਹਾਨੂੰ ਪਿਆਰ ਕਰਦਾ ਹਾਂ, ਮੈ ਇਕ ਇਸਾਈ ਹਾਂ, ਬਾਹਰ ਨਿਕਲੋ ਤੇ ਵੋਟ ਪਾਓ। " ਟਰੰਪ ਦੀ ਮੁਹਿੰਮ ਦੇ ਬੁਲਾਰੇ ਸਟੀਵਨ ਚੇਉਂਗ ਨੂੰ ਜਦੋਂ ਟਰੰਪ ਦੀਆਂ ਟਿਪਣੀਆਂ ਨੂੰ ਸਪੱਸ਼ਟ ਕਰਨ ਲਈ ਕਿਹਾ ਗਿਆ ਤਾਂ ਉਨਾਂ ਨੇ ਇਸ ਦਾ ਸਿੱਧਾ ਉੱਤਰ ਨਹੀਂ ਦਿੱਤਾ। ਉਨਾਂ ਕਿਹਾ " ਟਰੰਪ ਇਸ ਦੇਸ਼ ਨੂੰ ਇਕਜੁੱਟ ਕਰਨ ਦੀ ਗੱਲ ਕਰ ਰਹੇ ਹਨ ਤੇ 2 ਹਫਤੇ ਪਹਿਲਾਂ ਟਰੰਪ ਦੀ ਜਾਨ ਲੈਣ ਦੀ ਕੀਤੀ ਗਈ ਕੋਸ਼ਿਸ਼ ਨੂੰ ਉਨਾਂ ਨੇ "ਵੰਡਪਾਊ ਰਾਜਸੀ ਵਾਤਾਵਰਣ" ਦਾ ਸਿੱਟਾ ਕਰਾਰ ਦਿੱਤਾ। ਇਥੇ ਜਿਕਰਯੋਗ ਹੈ ਕਿ ਟਰੰਪ ਨੇ ਪਿਛਲੇ ਸਾਲ ਦਸੰਬਰ ਵਿਚ ਫੌਕਸ ਨਿਊਜ਼ ਨਾਲ ਇਕ ਮੁਲਾਕਾਤ ਦੌਰਾਨ ਕਿਹਾ ਸੀ ਕਿ "ਜੇਕਰ ਉਹ ਚੋਣ ਜਿੱਤ ਗਏ ਤਾਂ ਪਹਿਲੇ ਦਿਨ ਤੋਂ ਹੀ ਤਾਨਾਸ਼ਾਹ ਹੋਣਗੇ। " ਇਸ ਸਾਲ ਮਈ ਵਿਚ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਵਜੋਂ ਦੋ ਵਾਰ ਕਾਰਜਕਾਲ ਤੋਂ ਵਧ ਵਾਰ ਕੰਮ ਕਰਨਗੇ ਜਦ ਕਿ ਅਮਰੀਕੀ ਸੰਵਿਧਾਨ ਅਨੁਸਾਰ ਕੋਈ ਵੀ ਵਿਅਕਤੀ ਕੇਵਲ ਦੋ ਵਾਰ ਹੀ ਰਾਸ਼ਟਰਪਤੀ ਬਣ ਸਕਦਾ ਹੈ। ਦਰਅਸਲ ਜੋ ਬਾਈਡਨ ਦੀ ਜਗਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਮੈਦਾਨ ਵਿਚ ਆਉਣ ਤੋਂ ਬਾਅਦ ਮੁਕਾਬਲਾ ਬਹੁਤ ਫਸਵਾਂ ਬਣ ਗਿਆ ਹੈ ਤੇ ਤਕਰੀਬਨ 2020 ਵਾਲੇ ਹਾਲਾਤ ਹੀ ਬਣਦੇ ਨਜਰ ਆ ਰਹੇ ਹਨ।

## ਡਰੱਗ ਮਾਮਲਾ: ਵਿਸ਼ੇਸ਼ ਈ.ਡੀ. ਅਦਾਲਤ ਵੱਲੋਂ ਜਗਦੀਸ਼ ਭੋਲਾ ਨੂੰ 10 ਸਾਲ ਕੈਦ



ਐੱਸ.ਏ.ਐੱਸ. ਨਗਰ (ਮੁਹਾਲੀ) : ਬਹੁ-ਕਰੋੜੀ ਡਰੱਗ ਕੇਸ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਮੁਹਾਲੀ ਦੀ ਵਿਸ਼ੇਸ਼ ਈ.ਡੀ. ਅਦਾਲਤ ਨੇ ਪੰਜਾਬ ਪੁਲਿਸ ਦੇ ਬਰਖ਼ਾਸਤ ਡੀ.ਐੱਸ.ਪੀ. ਅਤੇ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਸਮੇਤ 17 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੰਦਿਆਂ 3 ਤੋਂ 10 ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਹੈ ਅਤੇ 10 ਤੋਂ 50 ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਹੈ। ਜੁਰਮਾਨੇ ਦੀ ਰਕਮ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿਚ ਦੋਸ਼ੀਆਂ ਨੂੰ 1 ਸਾਲ ਦੀ ਵਾਧੂ ਕੈਦ ਕੱਟਣੀ ਪਵੇਗੀ। ਸੁਰੱਖਿਆ ਪ੍ਰਬੰਧਾਂ ਕਾਰਨ ਜਗਦੀਸ਼ ਭੋਲਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ।

ਇਸ ਕੇਸ ਵਿਚ ਮਨਪ੍ਰੀਤ ਸਿੰਘ, ਸੁਖਰਾਜ ਸਿੰਘ, ਮਨਿੰਦਰ ਸਿੰਘ, ਦਵਿੰਦਰ ਸਿੰਘ ਹੈਪੀ, ਸੁਖਜੀਤ ਸਿੰਘ ਸੁੱਖਾ ਅਤੇ ਅਵਤਾਰ ਸਿੰਘ ਤਾਰੀ ਨੂੰ 10-10 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨਾ ਜਦੋਂਕਿ ਜਗਦੀਸ਼ ਭੋਲਾ ਦੀ ਪਤਨੀ ਗੁਰਪ੍ਰੀਤ ਕੌਰ, ਸਹੁਰੇ ਦਲੀਪ ਸਿੰਘ ਮਾਨ, ਅਵਤਾਰੀ ਸਿੰਘ ਤਾਰੀ ਦੀ ਪਤਨੀ ਸੰਦੀਪ ਕੌਰ, ਜਗਮਿੰਦਰ ਕੌਰ ਔਲਖ, ਗੁਰਮੀਤ ਕੌਰ ਅਤੇ ਅਮਰਜੀਤ ਸਿੰਘ ਨੂੰ 3-3 ਸਾਲ ਦੀ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨੇ ਸਮੇਤ ਗੁਰਪ੍ਰੀਤ ਸਿੰਘ, ਸੁਭਾਸ਼ ਬਜਾਜ, ਸੁਨੀਲ ਬਜਾਜ ਅਤੇ ਅੰਕੁਰ ਬਜਾਜ ਨੂੰ 5-5 ਸਾਲ ਦੀ ਕੈਦ ਅਤੇ 30 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ।




# ਪੇਜ ਇੱਕ ਦੀ ਬਾਕੀ

## ਕੇਰਲਾ ਦੇ ਵਾਇਨਾਡ 'ਚ...

ਵੇਲਾਰੀਮਾਲਾ, ਮੁੰਡਾਕਾਇਲ ਅਤੇ ਪੋਥੁਕਾਲੂ ਵਿਚ ਜਾਰੀ ਹਨ, ਜਿਸ ਵਿਚ ਹਜ਼ਾਰਾਂ ਲੋਕ ਫਸ ਗਏ ਹਨ।

ਦੱਸਣਯੋਗ ਹੈ ਕਿ ਮੰਗਲਵਾਰ ਤੜਕੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਕਾਰਨ ਕਈ ਲੋਕ ਲਪੇਟ ਵਿਚ ਆ ਗਏ। ਬੁੱਧਵਾਰ ਸ਼ਾਮ ਨੂੰ ਭਾਰੀ ਮੀਂਹ ਨੇ ਪੁਲ ਦੇ ਨਿਰਮਾਣ ਵਿਚ ਰੁਕਾਵਟ ਪਾਈ। 8,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ ਲਗਭਗ 82 ਰਾਹਤ ਕੈਂਪਾਂ ਵਿਚ ਰੱਖਿਆ ਗਿਆ ਹੈ। ਸਥਾਨਕ ਲੋਕਾਂ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ ਹੋਰ ਵਧ ਸਕਦੀ ਹੈ ਕਿਉਂਕਿ ਮਲਬੇ ਹੇਠ ਦੱਬੀਆਂ ਹੋਰ ਲਾਸ਼ਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ।

ਮੁੱਖ ਮੰਤਰੀ ਪਿਨਾਰਈ ਵਿਜਯਨ ਪ੍ਰਭਾਵਿਤ ਇਲਾਕਿਆਂ 'ਚ ਪਹੁੰਚਣਗੇ। ਉਹ ਇਕ ਸਰਬ-ਪਾਰਟੀ ਮੀਟਿੰਗ ਦੀ ਪ੍ਰਧਾਨਗੀ ਵੀ ਕਰਨਗੇ, ਜਿਸ ਵਿੱਚ ਵੱਡੇ ਪੱਧਰ 'ਤੇ ਮੁੜ ਵਸੇਬੇ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਕਿਉਂਕਿ ਅਮਲੀ ਤੌਰ 'ਤੇ ਦੋ ਪਿੰਡ ਚੂਰਲਮਾਲਾ ਅਤੇ ਮੁੰਡਾਕਾਇਲ ਪਾਣੀ ਵਿਚ ਵਹਿ ਗਏ ਹਨ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵਾਡਰਾ ਵੀ ਪਹੁੰਚ ਰਹੇ ਹਨ। ਰਾਹੁਲ ਗਾਂਧੀ ਨੇ ਲੋਕ ਸਭਾ ਸੀਟ ਖਾਲੀ ਕਰਨ ਤੋਂ ਬਾਅਦ ਕਾਂਗਰਸ ਦੇ ਉਮੀਦਵਾਰ ਹਨ।

## ਉਤਰਾਖੰਡ 'ਚ ਫੱਟਿਆ ਬੱਦਲ...

ਕੇਦਾਰਨਾਥ ਪੈਦਲ ਮਾਰਗ ਦੇ ਰਾਮਬਾੜਾ 'ਚ ਮੰਦਾਕਿਨੀ ਨਦੀ 'ਤੇ ਸਥਿਤ ਦੋ ਪੁਲ ਵਹਿ ਗਏ ਹਨ। ਕੇਦਾਰਨਾਥ ਮਾਰਗ 'ਤੇ ਭਿੰਬਲੀ ਚੌਕੀ ਤੋਂ ਕਰੀਬ 70 ਮੀਟਰ ਅੱਗੇ ਸੜਕ ਟੁੱਟਣ ਕਾਰਨ 200 ਸ਼ਰਧਾਲੂਆਂ ਨੂੰ ਜੀਐੱਮਵੀਐੱਨ ਅਤੇ ਪੁਲਿਸ ਚੌਕੀ 'ਤੇ ਸੁਰੱਖਿਅਤ ਰੱਖਿਆ ਗਿਆ। ਨੁਕਸਾਨੀ ਗਈ ਸੜਕ ਤੋਂ ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ।

ਦੂਜੇ ਪਾਸੇ ਮੰਦਾਕਿਨੀ ਨਦੀ ਦੇ ਭਿਆਨਕ ਰੂਪ ਕਾਰਨ ਗੌਰੀਕੁੰਡ 'ਚ ਗਰਮ ਤਲਾਅ ਵਹਿ ਗਿਆ ਹੈ। ਨਦੀ ਦੇ ਕੰਢੇ ਸਥਿਤ ਦੁਕਾਨਾਂ ਅਤੇ ਹੋਟਲਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ। ਇਸ ਤੋਂ ਇਲਾਵਾ ਸੋਨਪ੍ਰਯਾਗ 'ਚ ਮੰਦਾਕਿਨੀ ਨਦੀ ਦੇ ਵਧਦੇ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਯਾਤਰੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਰੱਖਿਆ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਘਟਨਾ 'ਤੇ ਨਜ਼ਰ ਰੱਖੀ ਜਾ ਰਹੀ ਹੈ। ਸਾਵਧਾਨੀ ਵਜੋਂ ਐਸਡੀਆਰਐਫ, ਪੁਲਿਸ ਅਤੇ ਆਫ਼ਤ ਰਾਹਤ ਟੀਮ ਮੌਕੇ ਲਈ ਰਵਾਨਾ ਹੋ ਗਈ ਹੈ। ਦੇਹਰਾਦੂਨ ਸ਼ਹਿਰ ਦੇ ਕੁਝ ਹਿੱਸਿਆਂ 'ਚ ਭਾਰੀ ਮੀਂਹ ਕਾਰਨ ਚਕਰਤਾ ਰੋਡ 'ਤੇ ਬਿੰਦਲ ਨਦੀ ਦੇ ਪਾਣੀ ਦਾ ਪੱਧਰ ਵਧ ਗਿਆ ਹੈ। ਦੇਹਰਾਦੂਨ ਦੇ ਤਪਕੇਸ਼ਵਰ ਮਹਾਦੇਵ ਮੰਦਰ ਕੰਪਲੈਕਸ 'ਚ ਪਾਣੀ ਭਰ ਗਿਆ ਹੈ। ਸੋਨਪ੍ਰਯਾਗ ਵਿੱਚ ਸ਼ਧ੍ਰਵ ਅਤੇ ਧ੍ਰਵ ਨੂੰ ਅਲਰਟ ਕਰ ਦਿੱਤਾ ਗਿਆ ਹੈ। ਸੋਨਪ੍ਰਯਾਗ 'ਚ ਨਦੀ ਦੇ ਪਾਣੀ ਦਾ ਪੱਧਰ ਵਧਣ ਤੋਂ ਬਾਅਦ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ।

## ਓਲੰਪਿਕ 'ਚ ਭਾਰਤੀ ਹਾਕੀ ਟੀਮ...

ਇਸਨੂੰ ਗੋਲ ਵਿੱਚ ਤਬਦੀਲ ਨਹੀਂ ਕਰ ਸਕੇ। ਭਾਰਤ ਨੂੰ ਪੈਨੇਲਟੀ ਕਾਰਨਰ ਦੀ ਇਸ ਕਮਜ਼ੋਰੀ ਨਾਲ ਉਭਰਨਾ ਪਵੇਗਾ। ਭਾਰਤ ਨੂੰ ਪਿਛਲੇ ਦੋ ਮੈਚ ਵਿੱਚ 13 ਪੈਨੇਲਟੀ ਕਾਰਨਰ ਵੀ ਮਿਲੇ ਹਨ। ਭਾਰਤੀ ਟੀਮ ਇਨ੍ਹਾਂ ਵਿੱਚੋਂ ਦੋ ਵਿੱਚ ਹੀ ਗੋਲ ਕਰ ਸਕੀ।

## ਸੋਨੀਆ ਸਿੱਧੂ ਦਾ ਸਲਾਨਾ...

ਸਗੋਂ ਇਹ ਤਾਂ ਉਸ ਤੋਂ ਕਈ ਗੁਣਾਂ ਵੱਧ ਕੇ ਕਮਿਊਨਿਟੀਆਂ ਦੀ ਵਿਭਿੰਨਤਾ, ਸਾਂਝੇ ਸੱਭਿਆਚਾਰ, ਸਾਂਝੀਆਂ ਕਦਰਾਂ-ਕੀਮਤਾਂ ਅਤੇ ਸਾਡੇ ਭਵਿੱਖਮਈ ਸੁਪਨਿਆਂ ਨੂੰ ਦਰਸਾਉਂਦਾ ਹੋਇਆ ਵੱਡਾ ਈਵੈਂਟ ਹੈ।"

ਉਨ੍ਹਾਂ ਹੋਰ ਕਿਹਾ, "ਪਿਛਲੀਆਂ ਤਿੰਨ ਟਰਮਾਂ ਤੋਂ ਜੇਕਰ ਲਗਾਤਾਰ ਮੈਂ ਇਸ ਅਹੁਦੇ 'ਤੇ ਕੰਮ ਕਰ ਰਹੀ ਹਾਂ ਤਾਂ ਇਹ ਸੱਭ ਤੁਹਾਡੀ ਬਦੌਲਤ ਹੈ। ਇਨ੍ਹਾਂ ਅੱਠ-ਨੌਂ ਸਾਲਾਂ ਦੌਰਾਨ ਪੂਰੀ ਤਨ-ਦੇਹੀ ਨਾਲ ਕੰਮ ਕਰਦਿਆਂ ਵਿਚ ਮੈਂ ਡਾਇਬਟੀਜ਼ ਸਬੰਧੀ ਬਿੱਲ ਸੀ-237 ਪਾਰਲੀਮੈਂਟ ਵਿਚ ਪਾਸ ਕਰਵਾਉਣ ਵਿਚ ਕਾਮਯਾਬ ਹੋਈ ਹਾਂ ਅਤੇ ਡਾਇਬਟੀਜ਼ ਦੇ ਮਰੀਜਾਂ ਨੂੰ ਅਗਲੇ ਸਾਲ ਤੋਂ ਮੁਫ਼ਤ ਦਵਾਈਆਂ ਤੇ ਹੋਰ ਬੈਨੀਫ਼ਿਟ ਮਿਲਣੇ ਸ਼ੁਰੂ ਹੋ ਜਾਣਗੇ। ਸਾਡੀ ਸਰਕਾਰ 'ਕੈਨੇਡਾ ਡੈਂਟਲ ਹੈੱਲਥਕੇਅਰ ਪ੍ਰੋਗਰਾਮ' ਸੀਨੀਅਰਾਂ, ਵਿਕਲਾਂਗ ਵਿਅੱਕਤੀਆਂ ਅਤੇ 18 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਤੀਕ ਪਹੁੰਚਾਉਣ ਵਿਚ ਸਫ਼ਲ ਹੋਈ ਹੈ। ਫ਼ੈੱਡਰਲ ਸਰਕਾਰ ਵੱਲੋਂ ਬਰੈਂਪਟਨ ਟਰਾਂਜ਼ਿਟ ਵਿਚ ਹੋਰ ਵਾਧਾ ਕਰਨ, ਨਵੇਂ ਘਰ ਬਨਾਉਣ ਅਤੇ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਲੋੜੀਂਦੇ ਕਦਮ ਚੁੱਕੇ ਗਏ ਹਨ। ਇਹ ਸੱਭ ਤੁਹਾਡੇ ਸੁਹਿਰਦ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਬਰੈਂਪਟਨ ਨੌਰਥ ਦੀ ਐੱਮ.ਪੀ. ਰੂਬੀ ਸਹੋਤਾ ਨੇ ਬਰੈਂਪਟਨ ਵਾਸੀਆਂ ਵੱਲੋਂ ਲਿਬਰਲ ਪਾਰਟੀ ਦੀਆਂ ਪਾਲਸੀਆਂ ਤੇ ਪ੍ਰੋਗਰਾਮਾਂ ਦੀ ਹਮਾਇਤ ਕਰਨ ਅਤੇ ਉਸ ਨੂੰ ਭਰਵਾਂ ਸਹਿਯੋਗ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਆਪਣੇ ਸੰਬੋਧਨ ਵਿਚ ਉਨ੍ਹਾਂ ਵੱਲੋਂ ਇਸ ਬਾਰ-ਬੀਕਿਊ ਸਮਾਗ਼ਮ ਦੀ ਅਪਾਰ ਸਫ਼ਲਤਾ ਲਈ ਸੋਨੀਆ ਸਿੱਧੂ ਨੂੰ ਵਧਾਈ ਦਿੱਤੀ ਗਈ। ਉਨ੍ਹਾਂ ਆਸ ਪਰਗਟ ਕੀਤੀ ਕਿ ਲੋਕ ਅੱਗੋਂ ਵੀ ਲਿਬਰਲ ਪਾਰਟੀ ਨੂੰ ਏਸੇ ਤਰ੍ਹਾਂ ਸਹਿਯੋਗ ਦੇਣਗੇ।

ਬਰੈਂਪਟਨ ਈਸਟ ਦੇ ਐੱਮ.ਪੀ. ਮਨਿੰਦਰ ਸਿੱਧੂ ਅਤੇ ਬਰੈਂਪਟਨ ਸੈਂਟਰ ਦੇ ਐੱਮ.ਪੀ. ਸ਼ਫ਼ਕਤ ਅਲੀ ਵੱਲੋਂ ਵੀ ਆਪਣੇ ਸੰਬੋਧਨਾਂ ਵਿਚ ਅਜਿਹੇ ਹੀ ਹਾਵ-ਭਾਵ ਹਾਜ਼ਰੀਨ ਨਾਲ ਸਾਂਝੇ ਕੀਤੇ ਗਏ। ਉਨ੍ਹਾਂ ਵੱਲੋਂ ਸੋਨੀਆ ਸਿੱਧੂ ਨੂੰ ਇਸ ਬਾਰ-ਬੀਕਿਊ ਦੀ ਕਾਮਯਾਬੀ ਲਈ ਹਾਰਦਿਕ ਮੁਬਾਰਕਬਾਦ ਦਿੱਤੀ ਗਈ। ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ, ਸਿਟੀ ਕੌਂਸਲਰਾਂ ਪਾਲ ਵਿਸੰਤ ਤੇ ਨਵਜੋਤ ਬਰਾੜ, ਸਿਟੀ ਦੀ ਨੁਮਾਇੰਦਗੀ ਕਰਦੀ ਕੈਥੀ ਮੈਕਡਫ਼, ਮਿਸੀਸਾਗਾ ਤੋਂ ਮਾਣਯੋਗ ਫ਼ੈੱਡਰਲ ਮਨਿਸਟਰ ਰੇਸ਼ੀ ਵਾਲਡੇਜ਼ ਤੇ ਕਈ ਹੋਰ ਪਤਵੰਤੇ ਸੱਜਣਾਂ ਨੇ ਇਸ ਬਾਰ-ਬੀਕਿਊ ਸਮਾਗ਼ਮ ਵਿਚ ਕੁਝ ਸਮੇਂ ਲਈ ਆਪਣੀਆਂ ਹਾਜ਼ਰੀਆਂ ਭਰੀਆਂ। ਇਸ ਦੌਰਾਨ ਹਰਦਮ ਮਾਂਗਟ ਨੇ ਆਪਣੇ ਸੰਬੋਧਨ ਵਿਚ ਜਿੱਥੇ ਲਿਬਰਲ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਲਿਬਰਲ ਪਾਰਟੀ ਦੀ ਸਰਕਾਰ ਦੀ ਵਧੀਆ ਕਾਰਗੁਜ਼ਾਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ, ਉੱਥੇ ਗੁਰਪ੍ਰੀਤ ਬਾਠ ਨੇ ਬਰੈਂਪਟਨ ਰਾਈਡਿੰਗ ਦੇ ਸਮੂਹ-ਵਾਸੀਆਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਏਨੀ ਵੱਡੀ ਗਿਣਤੀ ਵਿਚ ਇਸ ਬਾਰ-ਬੀਕਿਊ ਸਮਾਗ਼ਮ ਵਿਚ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਵੱਲੋਂ ਸੋਨੀਆ ਸਿੱਧੂ ਦੇ ਉਪਰਾਲਿਆਂ ਦੀ ਭਰਪੂਰ ਸਰਾਹਨਾ ਕੀਤੀ ਗਈ ਅਤੇ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਅੱਗੋਂ ਵੀ ਇਸ ਰਾਈਡਿੰਗ ਦੀ ਪ੍ਰਤੀਨਿਧਤਾ ਕਰਦੇ ਹੋਏ ਇੰਜ ਹੀ ਸ਼ਾਨਦਾਰ ਕੰਮ ਕਰਦੇ ਰਹਿਣਗੇ। ਵੱਡੀ ਗਿਣਤੀ ਵਿਚ ਲਾਲ ਟੀ-ਸ਼ਰਟਾਂ ਪਹਿਨੀ ਵਾਲੰਟੀਅਰਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇਸ ਰਾਈਡਿੰਗ ਦੀ 'ਵਰਕ ਫੋਰਸ' ਹਨ ਅਤੇ ਇਨ੍ਹਾਂ ਦੀ ਸਖ਼ਤ ਮਿਹਨਤ ਤੇ ਸਹਿਯੋਗ ਸਦਕਾ ਹੀ ਸਾਨੂੰ ਇੱਥੋਂ ਕਾਮਯਾਬੀ ਮਿਲਦੀ ਰਹੀ ਹੈ ਅਤੇ ਇਹ ਅੱਗੋਂ ਵੀ ਇੰਜ ਹੀ ਮਿਲਦੀ ਰਹੇਗੀ। ਸੋਨੀਆ ਸਿੱਧੂ ਤੇ ਉਨ੍ਹਾਂ ਦੇ ਸਮੱਰਥਕਾਂ ਵੱਲੋਂ ਇਸ ਮੌਕੇ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਇਸ ਦੇ ਨਾਲ ਹੀ ਹਾਜ਼ਰੀਨ ਦੇ ਮਨੋਰੰਜਨ ਦਾ ਵੀ ਇੰਤਜ਼ਾਮ ਸੀ। ਜਾਪਾਨੀ ਲੜਕੀਆਂ ਵੱਲੋਂ ਗੁਲਾਬੀ ਰੰਗ ਦੀਆਂ ਛਤਰੀਆਂ ਨਾਲ ਡਾਂਸ ਦੀ ਬਹੁਤ ਵਧੀਆ ਆਈਟਮਾਂ ਪੇਸ਼ ਕੀਤੀਆਂ ਗਈਆਂ। ਛੋਟੇ ਬੱਚਿਆਂ ਵੱਲੋਂ ਵੀ ਨਾਚ- ਗਾਣਿਆਂ ਦੀਆਂ ਕਈ ਆਈਟਮਾਂ ਸਨ। ਪੰਡਾਲ ਦੇ ਸੱਜੇ ਪਾਸੇ 'ਡਾਇਬਟੀਜ਼ ਕੈਨੇਡਾ' ਦੇ ਸਟਾਲ 'ਤੇ ਵਾਲੰਟੀਅਰਾਂ ਵੱਲੋਂ ਡਾਇਬਟੀਜ਼ ਸਬੰਧੀ ਪੈਂਫਲਿਟਾਂ ਨਾਲ ਅਤੇ ਜ਼ਬਾਨੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਸੀ। ਇਸ ਦੇ ਨਾਲ ਇਕ ਹੋਰ ਸਟਾਲ 'ਸੇਂਟ ਜੌਹਨ ਐਂਬੂਲੈਂਸ' ਦਾ ਸੀ ਜਿੱਥੇ ਦੁਰਘਟਨਾ ਸਮੇਂ ਜਾਂ ਹੋਰ ਹੰਗਾਮੀ ਹਾਲਤਾਂ ਵਿਚ ਜਾਨ ਬਚਾਊ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਸੀ। ਕੁਲ ਮਿਲਾ ਕੇ ਸੋਨੀਆ ਸਿੱਧੂ ਤੇ ਉਨ੍ਹਾਂ ਦੇ ਸਮੱਰਥਕਾਂ ਵੱਲੋਂ ਬਾਰ-ਬੀਕਿਊ ਦਾ ਇਹ ਈਵੈਂਟ ਗਿਣਾਤਮਿਕ ਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਹੀ ਬੇਹੱਦ ਕਾਮਯਾਬ ਰਿਹਾ।

## ਡਾਇਰੀਆ ਦਾ ਕਹਿਰ...

ਲੋਕਾਂ ਨੂੰ ਪਾਣੀ ਉਬਾਲ ਕੇ ਪੀਣ ਅਤੇ ਭੋਜਨ ਨੂੰ ਢੱਕ ਕੇ ਖਾਣ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਨੇੜੇ-ਤੇੜੇ ਸਵੱਛਤਾ ਬਣਾਏ ਰੱਖਣ ਦੀ ਲੋੜ ਹੈ। ਪ੍ਰਭਾਵਿਤ ਖੇਤਰਾਂ 'ਚ ਬੋਰਵੈੱਲ ਦੇ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ ਹੈ ਅਤੇ ਟੈਂਕਰਾਂ ਰਾਹੀਂ ਪਾਣੀ ਉਪਲੱਬਧ ਕਰਵਾਇਆ ਜਾ ਰਿਹਾ ਹੈ। ਮਿਸ਼ਰਾ ਨੇ ਦੱਸਿਆ ਕਿ ਸਿਹਤ ਵਰਕਰ ਪ੍ਰਭਾਵਿਤ ਖੇਤਰਾਂ 'ਚ ਡੇਰਾ ਲਾਏ ਹੋਏ ਹਨ ਅਤੇ ਦਵਾਈਆਂ ਵੀ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਲੋਕਾਂ ਨੂੰ ਇਲਾਜ ਲਈ ਦੇਰ ਨਾਲ ਹਸਪਤਾਲ ਲਿਆਂਦਾ ਜਾ ਰਿਹਾ ਹੈ, ਜਿਸ ਨਾਲ ਉਨ੍ਹਾਂ ਦੀ ਹਾਲਤ ਗੰਭੀਰ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਰਕਰ ਘਰ-ਘਰ ਜਾ ਕੇ ਮਰੀਜ਼ਾਂ ਅਤੇ ਹੋਰ ਨਾਗਰਿਕਾਂ ਤੋਂ ਸਲਾਹ ਦੇ ਰਹੇ ਹਨ।

## ਬੀ.ਸੀ. 'ਚ ਨਸ਼ਿਆਂ ਦੀ...

ਦੌਰਾਨ 72 ਫੀ ਸਦੀ ਪੁਰਸ਼ਾਂ ਨੇ ਜਾਨ ਗਵਾਈ ਜਦਕਿ ਔਰਤਾਂ ਦੀ ਗਿਣਤੀ 28 ਫੀ ਸਦੀ ਦਰਜ ਕੀਤੀ ਗਈ। ਸਭ ਤੋਂ ਜ਼ਿਆਦਾ ਜਾਨੀ ਨੁਕਸਾਨ ਫੈਂਟਾਨਿਲ ਕਰ ਕੇ ਹੋਇਆ ਅਤੇ 82 ਫੀ ਸਦੀ ਟੈਸਟਾਂ ਵਿਚ ਇਹ ਨਸ਼ਾ ਮਿਲਿਆ। ਹੈਰਾਨੀ ਇਸ ਗੱਲ ਦੀ ਹੈ ਕਿ ਨਸ਼ਿਆਂ ਦੀ ਓਵਰਡੋਜ਼ ਕਾਰਨ ਮਰਨ ਵਾਲਿਆਂ ਦੀ ਘੱਟੋ ਘੱਟ ਉਮਰ 10 ਸਾਲ ਤੱਕ ਪੁੱਜ ਚੁੱਕੀ ਹੈ ਜਦਕਿ 59 ਸਾਲ ਦੀ ਉਮਰ ਵਾਲੇ ਵੀ ਇਸ ਖਤਰੇ ਦੇ ਘੇਰੇ ਵਿਚ ਆਉਂਦੇ ਹਨ।

### ਕੌਰੋਨਰਜ਼ ਸਰਵਿਸ ਨੇ ਜਾਰੀ ਕੀਤੇ 2024 ਦੇ ਪਹਿਲੇ ਅੱਧ ਨਾਲ ਸਬੰਧਤ ਅੰਕੜੇ

ਬੀ.ਸੀ. ਵਿਚ ਕਤਲ ਦੀਆਂ ਵਾਰਦਾਤਾਂ, ਖੁਦਕੁਸ਼ੀਆਂ, ਸੜਕ ਹਾਦਸਿਆਂ ਅਤੇ ਕੁਦਰਤੀ ਬਿਮਾਰੀਆਂ ਕਾਰਨ ਐਨੇ ਲੋਕਾਂ ਦੀ ਮੌਤ ਨਹੀਂ ਹੁੰਦੀ ਜਿੰਨੀ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋ ਰਹੀ ਹੈ। ਔਰਤਾਂ ਦੀ ਮੌਤ ਦਾ ਅੰਕੜਾ ਸਾਲ 2020 ਮਗਰੋਂ ਤਕਰੀਬਨ ਦੁੱਗਣਾ ਹੋ ਗਿਆ ਹੈ। ਚਾਰ ਸਾਲ ਪਹਿਲਾਂ ਇਕ ਲੱਖ ਦੀ ਵਸੋਂ ਪਿੱਛੇ 13 ਔਰਤਾਂ ਦੀ ਮੌਤ ਹੋ ਰਹੀ ਸੀ ਜਦਕਿ ਇਸ ਵੇਲੇ ਇਕ ਲੱਖ ਪਿੱਛੇ 23 ਔਰਤਾਂ ਦੀ ਜਾਨ ਜਾ ਰਹੀ ਹੈ। ਬੀ.ਸੀ. ਦੀ ਮੈਂਟਲ ਹੈਲਥ ਅਤੇ ਐਡਿਕਸ਼ਨਜ਼ ਮਾਮਲਿਆਂ ਬਾਰੇ ਮੰਤਰੀ ਜੈਨੀਫਰ ਵਾਈਟਸਾਈਡ ਵੱਲੋਂ ਤਾਜ਼ਾ ਅੰਕੜਿਆਂ ਨੂੰ ਹੌਲਨਾਕ ਕਰਾਰ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਹਤਰ ਤੋਂ ਬਿਹਤਰ ਸੇਵਾਵਾਂ ਮੁਹੱਈਆ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਦੇ ਨਾਲ ਹੀ ਸੰਪਰਕ ਦੇ ਵਧੇਰੇ ਤਰੀਕਿਆਂ ਦੀ ਭਾਲ ਵੀ ਕੀਤੀ ਜਾ ਰਹੀ ਹੈ ਤਾਂਕਿ ਜ਼ਰੂਰਤ ਮਹਿਸੂਸ ਹੋਣ 'ਤੇ ਲੋਕਾਂ ਦੀ ਸੰਭਾਲ ਕੀਤੀ ਜਾ ਸਕੀ। ਸੂਬੇ ਵਿਚ ਅੱਠ ਸਾਲ ਪਹਿਲਾਂ ਪਬਲਿਕ ਹੈਲਥ ਐਮਰਜੰਸੀ ਐਲਾਨੇ ਜਾਣ ਮਗਰੋਂ ਤਕਰੀਬਨ 15 ਹਜ਼ਾਰ ਜਾਨਾਂ ਜਾ ਚੁੱਕੀਆਂ ਹਨ। ਇਥੇ ਦਸਣਾ ਬਣਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਕੌਰੋਨਰਜ਼ ਸਰਵਿਸ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਪ੍ਰੈਲ ਮਹੀਨੇ ਦੌਰਾਨ 182 ਜਣਿਆਂ ਦੀ ਮੌਤ ਹੋਈ ਅਤੇ ਇਹ ਅੰਕੜਾ ਅਪ੍ਰੈਲ 2023 ਦੇ ਮੁਕਾਬਲੇ 24 ਫੀ ਸਦੀ ਘੱਟ ਬਣਦਾ ਹੈ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਦਾ ਕਹਿਣਾ ਹੈ ਕਿ ਕੁਝ ਲੋਕ ਓਵਰਡੋਜ਼ ਦੇ ਅਸਰ ਤੋਂ ਬਚ ਜਾਂਦੇ ਹਨ ਪਰ ਦਿਮਾਗ ਨੂੰ ਐਨਾ ਜ਼ਿਆਦਾ ਨੁਕਸਾਨ ਪੁੱਜਦਾ ਹੈ ਕਿ ਸਬੰਧਤ ਸ਼ਖਸ ਦੀ ਜ਼ਿੰਦਗੀ ਬਦਲ ਜਾਂਦੀ ਹੈ। ਪਿਛਲੇ ਸਾਲ 612 ਮਰੀਜ਼ ਅਜਿਹੇ ਰਹੇ ਜਿਨ੍ਹਾਂ ਨੂੰ 10 ਵਾਰ ਤੋਂ ਵੱਧ ਐਮਰਜੰਸੀ ਰੂਮ ਜਾਣਾ ਪਿਆ ਜਦਕਿ ਇਕ ਸ਼ਖਸ 180 ਵਾਰ ਐਮਰਜੰਸੀ ਰੂਮ ਗਿਆ।






# ਕੈਨੇਡਾ 'ਚ 3 ਪੰਜਾਬੀ ਗੈਂਗਸਟਰਾਂ ਦੀ ਜਾਇਦਾਦ ਹੋਵੇਗੀ ਜ਼ਬਤ

## 60 ਲੱਖ ਡਾਲਰ ਬਣਦੀ ਹੈ 4 ਘਰਾਂ ਦੀ ਕੀਮਤ



ਵੈਨਕੂਵਰ : ਕੈਨੇਡਾ ਵਿਚ ਕਤਲ ਅਤੇ ਨਸ਼ਾ ਤਸਕਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਤਿੰਨ ਪੰਜਾਬੀ ਗੈਂਗਸਟਰਾਂ ਦੀ ਜਾਇਦਾਦ ਜ਼ਬਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਗਵਿੰਦਰ ਸੀਖਮ, ਨਵਪ੍ਰੀਤ ਧਾਲੀਵਾਲ ਅਤੇ ਅਨਮੋਲ ਸੰਧੂ ਦੀਆਂ ਚਾਰ ਜਾਇਦਾਦਾਂ ਦੀ ਕੁਲ ਕੀਮਤ 60 ਲੱਖ ਡਾਲਰ ਦੱਸੀ ਜਾ ਰਹੀ ਹੈ ਜਿਨ੍ਹਾਂ ਵਿਚੋਂ ਦੋ ਵੱਡੇ ਮਕਾਨ ਅਤੇ ਦੋ ਕੌਂਡੋਜ਼ ਦੱਸੇ ਜਾ ਰਹੇ ਹਨ। ਡਾਇਰੈਕਟਰ ਆਫ ਸਿਵਲ ਫੌਰਫਿਚਰ ਨੇ ਦਾਅਵਾ ਕੀਤਾ ਹੈ ਕਿ ਗਵਿੰਦਰ ਸੀਖਮ ਵੱਲੋਂ ਇਕ ਗਿਰੋਹ ਕਾਇਮ ਕਰਦਿਆਂ ਆਪਣੇ ਸਾਥੀਆਂ ਨਵਪ੍ਰੀਤ ਧਾਲੀਵਾਲ ਅਤੇ ਅਨਮੋਲ ਸੰਧੂ ਨੂੰ ਨਸ਼ਾ ਤਸਕਰੀ ਅਤੇ ਕਤਲ ਦੀਆਂ ਵਾਰਦਾਤਾਂ ਅੰਜਾਮ ਦੇਣ ਦੀ ਹਦਾਇਤ ਦਿਤੀ ਗਈ। ਦੂਜੇ ਪਾਸੇ ਐਬਸਫੋਰਡ ਪੁਲਿਸ ਵੱਲੋਂ ਪ੍ਰੋਜੈਕਟ ਹਾਈ ਟੇਬਲ ਅਧੀਨ ਕੀਤੀ ਪੜਤਾਲ ਦੇ ਆਧਾਰ 'ਤੇ ਬੀਤੇ ਫਰਵਰੀ ਮਹੀਨੇ ਦੌਰਾਨ ਤਿੰਨੋ ਜਣਿਆਂ ਵਿਰੁੱਧ ਕਤਲ ਦੀ ਸਾਜ਼ਿਸ਼ ਘੜਨ ਅਤੇ ਨਸ਼ਾ ਤਸਕਰੀ ਦੇ ਦੋਸ਼ ਆਇਦ ਕੀਤੇ ਗਏ। 'ਵੈਨਕੂਵਰ ਸਨ' ਦੀ ਰਿਪੋਰਟ ਮੁਤਾਬਕ ਐਬਸਫੋਰਡ ਪੁਲਿਸ ਦੇ ਕਾਂਸਟੇਬਲ ਆਰਟ ਸਟੇਲ ਮੁਤਾਬਕ ਮੁਢਲੇ ਤੌਰ 'ਤੇ ਪੜਤਾਲ ਅਨਮੋਲ ਸੰਧੂ ਅਤੇ ਨਵਪ੍ਰੀਤ ਧਾਲੀਵਾਲ ਦੁਆਲੇ ਕੇਂਦਰਤ ਰਹੀ ਪਰ ਇਸ ਮਗਰੋਂ ਤਿੰਨੋ ਜਣਿਆਂ ਦਰਮਿਆਨ ਲਗਾਤਾਰ ਹੋਏ ਸੰਪਰਕ ਦੇ ਆਧਾਰ 'ਤੇ ਕਾਫੀ ਕੁਝ ਉਭਰ ਕੇ ਸਾਹਮਣੇ ਆਇਆ।

ਪੁਲਿਸ ਕੋਲ ਇਸ ਗੱਲ ਦੇ ਪੁਖਤਾ ਸਬੂਤ ਮੌਜੂਦ ਹਨ ਕਿ ਇਨ੍ਹਾਂ ਵੱਲੋਂ ਵਿਰੋਧੀ ਗਿਰੋਹਾਂ ਦੇ ਮੈਂਬਰਾਂ ਨੂੰ ਕਤਲ ਕਰਨ ਦੀ ਵਿਉਂਤਬੰਦੀ ਕੀਤੀ ਗਈ ਪਰ ਸਮਾਂ ਰਹਿੰਦੇ ਪਤਾ ਲੱਗਣ ਕਾਰਨ ਹਰ ਸਾਜ਼ਿਸ਼ ਨਾਕਾਮ ਹੋ ਗਈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਅਗਸਤ 2022 ਵਿਚ ਆਰੰਭੀ ਪੜਤਾਲ ਮਗਰੋਂ ਨਵੰਬਰ ਵਿਚ ਅਨਮੋਲ ਸੰਧੂ ਅਤੇ ਨਵਪ੍ਰੀਤ ਧਾਲੀਵਾਲ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਿਸ ਨੇ ਇਨ੍ਹਾਂ ਦੇ ਮੋਬਾਈਲ ਫੋਨ ਦੀ ਤਲਾਸ਼ੀ ਲੈਣ ਦੇ ਵਾਰੰਟ ਹਾਸਲ ਕਰ ਲਏ ਅਤੇ ਇਸ ਦੌਰਾਨ ਵੱਡੀ ਜਾਣਕਾਰੀ ਸਾਹਮਣੇ ਆਈ। ਮੋਬਾਈਲ ਫੋਨ ਰਾਹੀਂ ਰੀਅਲ ਅਸਟੇਟ ਵਿਚ ਮੋਟੀ ਰਕਮ ਨਿਵੇਸ਼ ਕਰਨ ਬਾਰੇ ਵੀ ਪਤਾ ਲੱਗਾ। ਸਰੀ ਦੇ 20 ਐਵੇਨਿਊ ਅਤੇ 23 ਐਵੇਨਿਊ ਵਿਖੇ ਦੋ ਆਲੀਸ਼ਾਨ ਘਰਾਂ ਦੀ ਪਛਾਣ ਕੀਤੀ ਗਈ ਜਿਨ੍ਹਾਂ ਦਾ ਮਾਲਕ ਗਵਿੰਦਰ ਸੀਖਮ ਹੈ ਅਤੇ ਇਨ੍ਹਾਂ ਦੀ ਕੀਮਤ 40 ਲੱਖ ਡਾਲਰ ਬਣਦੀ ਹੈ। 20 ਐਵੇਨਿਊ ਵਾਲਾ ਘਰ ਮਈ 2020 ਵਿਚ ਮੌਰਗੇਜ ਰਾਹੀਂ ਖਰੀਦਿਆ ਜਦਕਿ 23 ਐਵੇਨਿਊ ਵਾਲੀ ਜਾਇਦਾਦ ਮਈ 2023 ਵਿਚ ਕਰਜ਼ਾ ਲੈ ਕੇ ਖਰੀਦੀ ਗਈ। ਦੂਜੇ ਪਾਸੇ ਸਰੀ ਦੇ ਵਾਟਸਨ ਡਰਾਈਵ ਇਲਾਕੇ ਵਿਚ ਇਕ ਕੌਂਡੋ ਦਾ ਮਾਲਕ ਨਵਪ੍ਰੀਤ ਧਾਲੀਵਾਲ ਦਾ ਰਿਸ਼ਤੇਤਾਰ ਨਿਕਲਿਆ ਜਦਕਿ ਅਨਮੋਲ ਸੰਧੂ ਦੇ ਇਕ ਰਿਸ਼ਤੇਦਾਰ ਨੇ ਮਾਰਚ 2022 ਵਿਚ ਲੈਂਗਲੀ ਦੇ 55 ਐਵੇਨਿਊ ਵਿਖੇ ਇਕ ਕੌਂਡੋ ਖਰੀਦਿਆ। ਦੋਹਾਂ ਕੌਂਡੋਜ਼ ਦੀ ਕੀਮਤ ਕ੍ਰਮਵਾਰ 9 ਲੱਖ 47 ਹਜ਼ਾਰ ਡਾਲਰ ਅਤੇ 8 ਲੱਖ 94 ਹਜ਼ਾਰ ਡਾਲਰ ਦੱਸੀ ਜਾ ਰਹੀ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ 11 ਜੂਨ 2022 ਤੋਂ 10 ਨਵੰਬਰ 2022 ਦਰਮਿਆਨ ਗਵਿੰਦਰ ਸੀਖਮ ਨੇ ਪੰਜ ਜਣਿਆਂ ਦੇ ਕਤਲ ਦੀ ਸਾਜ਼ਿਸ਼ ਘੜੀ ਅਤੇ ਕੰਮ ਪੂਰਾ ਕਰਨ ਦੀ ਜ਼ਿੰਮੇਵਾਰੀ ਨਵਪ੍ਰੀਤ ਧਾਲੀਵਾਲ ਤੇ ਅਨਮੋਲ ਸੰਧੂ ਨੂੰ ਦਿਤੀ। ਦੂਜੇ ਪਾਸੇ ਸੂਬਾ ਸਰਕਾਰ ਦੀ ਏਜੰਸੀ ਵੱਲੋਂ ਇਕ ਮਰਸਡੀਜ਼ ਕਾਰ ਵੀ ਜ਼ਬਤ ਕੀਤੀ ਜਾ ਰਹੀ ਹੈ ਜੋ ਗਵਿੰਦ ਦੀ ਕੰਪਨੀ ਲਿਮਿਟਲੈਸ ਫਾਇਨੈਂਸ਼ੀਅਲ ਦੇ ਨਾਂ ਰਜਿਸਟਰਡ ਹੈ। ਇਥੇ ਦਸਣਾ ਬਣਦਾ ਹੈ ਕਿ ਬੀਤੀ 21 ਫਰਵਰੀ ਨੂੰ ਮਾਰੇ ਗਏ ਛਾਪੇ ਦੌਰਾਨ ਐਬਸਫੋਰਡ ਪੁਲਿਸ ਵੱਲੋਂ 80 ਹਜ਼ਾਰ ਡਾਲਰ ਨਕਦ, ਛੇ ਕਿਲੋ ਫੈਂਟਾਨਿਲ, ਦੋ ਕਿਲੋ ਕੋਕੀਨ ਅਤੇ ਹੈਰੋਇਨ ਤੇ ਮੈਥਮਫੈਟਾਮਿਨ ਵੀ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਦੋ ਪਸਤੌਲਾਂ ਅਤੇ ਪੰਜ ਜੀ.ਪੀ.ਐਸ. ਟ੍ਰੈਕਰ ਵੱਖਰੇ ਤੌਰ 'ਤੇ ਬਰਾਮਦ ਹੋਣ ਦੀ ਰਿਪੋਰਟ ਹੈ। ਫਿਲਹਾਲ ਬਚਾਅ ਪੱਖ ਵੱਲੋਂ ਇਸ ਮਾਮਲੇ ਵਿਚ ਕੋਈ ਬਿਆਨ ਦਾਇਰ ਨਹੀਂ ਕੀਤਾ ਗਿਆ।

# ਜ਼ਿਮਨੀ ਚੋਣਾਂ ਵਿਚ ਵੀ ਵਿਦੇਸ਼ੀ ਦਖਲ 'ਤੇ ਨਜ਼ਰ ਰੱਖੇਗੀ ਕੈਨੇਡਾ ਸਰਕਾਰ

## ਵਿੰਨੀਪੈਗ ਅਤੇ ਮੌਂਟਰੀਅਲ ਵਿਚ 16 ਸਤੰਬਰ ਨੂੰ ਪੈਣੀਆਂ ਨੇ ਵੋਟਾਂ

ਔਟਵਾ : ਕੈਨੇਡੀਅਨ ਚੋਣਾਂ ਵਿਚ ਵਿਦੇਸ਼ੀ ਦਖਲ ਦੇ ਖਦਸ਼ੇ ਨੂੰ ਵੇਖਦਿਆਂ ਫੈਡਰਲ ਸਰਕਾਰ ਵੱਲੋਂ ਭਵਿੱਖ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ 'ਤੇ ਵੀ ਨਜ਼ਰ ਰੱਖੀ ਜਾਵੇਗੀ। ਲੋਕ ਸੁਰੱਖਿਆ ਮੰਤਰੀ ਡੌਮੀਨਿਕ ਲਬਲੈਂਕ ਨੇ ਕਿਹਾ ਕਿ ਸਤੰਬਰ ਵਿਚ ਕਿਊਬੈਕ ਅਤੇ ਮੈਨੀਟੋਬਾ ਦੀਆਂ ਦੋ ਪਾਰਲੀਮਾਨੀ ਸੀਟਾਂ 'ਤੇ ਜ਼ਿਮਨੀ ਚੋਣ ਹੋਣੀ ਹੈ ਜਿਸ ਦੇ ਮੱਦੇਨਜ਼ਰ ਇਲੈਕਸ਼ਨਜ਼ ਟਾਸਕ ਫੋਰਸ ਨੇ ਤਿਆਰੀ ਕਰ ਲਈ ਹੈ। ਫੈਡਰਲ ਸਰਕਾਰ ਵੱਲੋਂ ਚੋਣ ਪ੍ਰਕਿਰਿਆ ਦੀ ਨਿਗਰਾਨੀ ਲਈ 2019 ਵਿਚ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ ਜਿਸ ਵਿਚ ਕੈਨੇਡੀਅਨ ਖੁਫੀਆ ਏਜੰਸੀ, ਆਰ.ਸੀ.ਐਮ.ਪੀ., ਗਲੋਬਲ ਅਫੇਅਰਜ਼ ਕੈਨੇਡਾ ਅਤੇ ਸੀ.ਐਸ.ਈ. ਦੇ ਨੁਮਾਇੰਦੇ ਸ਼ਾਮਲ ਹਨ। ਲੋਕ ਸੁਰੱਖਿਆ ਮੰਤਰੀ ਨੇ ਦੱਸਿਆ ਕਿ ਜ਼ਿਮਨੀ ਚੋਣਾਂ ਦੌਰਾਨ ਟਾਸਕ ਫੋਰਸ ਵੱਲੋਂ ਖੁਫੀਆ ਜਾਣਕਾਰੀ ਇਕੱਤਰ ਕਰ ਕੇ ਉਪ ਮੰਤਰੀਆਂ ਦੀ ਇਕ ਕਮੇਟੀ ਨੂੰ ਦਿਤੀ ਜਾਵੇਗੀ ਅਤੇ ਕਮੇਟੀ ਵੱਲੋਂ ਅੱਗੇ ਇਸ ਨੂੰ ਸਬੰਧਤ ਮੰਤਰੀਆਂ ਨਾਲ ਸਾਂਝਾ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਕਿਉਰਿਟੀ ਐਂਡ ਇੰਟੈਲੀਜੈਂਸ ਥਰੈਟਸ ਟੂ ਇਲੈਕਸ਼ਨਜ਼ ਟਾਸਕ ਫੋਰਸ ਵੱਲੋਂ ਕਲਾਸੀਫਾਈਡ ਅਤੇ ਅਨਕਲਾਸੀਫਾਈਡ ਦੋਵੇਂ ਕਿਸਮ ਦੀ ਰਿਪੋਰਟ ਤਿਆਰ ਕਰ ਕੇ ਪ੍ਰਧਾਨ ਮੰਤਰੀ, ਸਬੰਧਤ ਮੰਤਰੀਆਂ ਅਤੇ ਕੌਮੀ ਸੁਰੱਖਿਆ ਬਾਰੇ ਸੰਸਦ ਮੈਂਬਰਾਂ ਦੀ ਇੰਟੈਲੀਜੈਂਸ ਕਮੇਟੀ ਦੇ ਸਪੁਰਦ ਕੀਤੀ ਜਾਵੇਗੀ। ਇਥੇ ਦਸਣਾ ਬਣਦਾ ਹੈ ਕਿ 16 ਸਤੰਬਰ ਨੂੰ ਵਿੰਨੀਪੈਗ ਅਤੇ ਮੌਂਟਰੀਅਲ ਦੇ ਹਲਕਿਆਂ ਵਿਚ ਵੋਟਾਂ ਪੈਣਗੀਆਂ।

ਦੂਜੇ ਪਾਸੇ ਆਮ ਚੋਣਾਂ ਦੌਰਾਨ ਵਿਦੇਸ਼ੀ ਦਖਲ ਦੀ ਨਿਗਰਾਨੀ ਵਾਸਤੇ ਵੱਖਰੀ ਪ੍ਰਕਿਰਿਆ ਅਪਣਾਈ ਜਾਂਦੀ ਹੈ। ਕੈਨੇਡਾ ਚੋਣਾਂ ਵਿਚ ਵਿਦੇਸ਼ੀ ਦਖਲ ਪਿਛਲੇ ਸਮੇਂ ਦੌਰਾਨ ਬੇਹੱਦ ਭਖਦਾ ਮੁੱਦਾ ਰਿਹਾ ਜਦੋਂ ਇਕ ਖੁਫੀਆ ਰਿਪੋਰਟ ਵਿਚ ਭਾਰਤ ਵਿਰੁੱਧ ਵੀ ਦਖਲ ਦੇਣ ਦੇ ਦੋਸ਼ ਲੱਗੇ। ਪੜਤਾਲ ਕਮਿਸ਼ਨ ਅੱਗੇ ਪੇਸ਼ ਹੋਏ ਖੁਫੀਆ ਏਜੰਸੀ ਦੇ ਮੁਖੀ ਦਾ ਕਹਿਣਾ ਸੀ ਕਿ 2019 ਅਤੇ 2021 ਦੀਆਂ ਚੋਣਾਂ ਦੌਰਾਨ ਨਾ ਸਿਰਫ ਚੀਨ ਵੱਲੋਂ ਆਪਣੇ ਸਰੋਤਾਂ ਰਾਹੀਂ ਢਾਈ ਲੱਖ ਡਾਲਰ ਖਰਚ ਕਰਨ ਦੇ ਯਤਨ ਕੀਤੇ ਗਏ ਸਗੋਂ ਭਾਰਤ ਅਤੇ ਪਾਕਿਸਤਾਨ ਨੇ ਵੀ ਦਖਲ ਦੇਣ ਦਾ ਯਤਨ ਕੀਤਾ। ਕੈਨੇਡੀਅਨ ਸਕਿਉਰਿਟੀ ਇੰਟੈਲੀਜੈਂਸ ਸਰਵਿਸ ਵੱਲੋਂ ਪੇਸ਼ ਦਸਤਾਵੇਜ਼ਾਂ ਮੁਤਾਬਕ ਭਾਰਤ ਸਰਕਾਰ ਨੇ ਚੋਣ ਵਿਚ ਦਖਲ ਦੇ ਇਰਾਦੇ ਨਾਲ ਆਪਣੇ ਲੁਕਵੇਂ ਏਜੰਟ ਦੀ ਵਰਤੋਂ ਕਰਦਿਆਂ ਸੰਭਾਵਤ ਤੌਰ 'ਤੇ ਗੁਪਤ ਸਰਗਰਮੀਆਂ ਚਲਾਈਆਂ।

ਸਿਰਫ ਇਥੇ ਹੀ ਬੱਸ ਨਹੀਂ ਪਾਕਿਸਤਾਨ ਨੇ ਵੀ ਆਪਣੇ ਹਿਤਾਂ ਖਾਤਰ ਚੋਣਾਂ ਵਿਚ ਦਖਲ ਦੇਣ ਦੇ ਯਤਨ ਕੀਤੇ। ਦੂਜੇ ਪਾਸੇ ਚੀਨ ਵੱਲੋਂ ਲਿਬਰਲ ਪਾਰਟੀ ਦੇ ਸੱਤ ਅਤੇ ਕੰਜ਼ਰਵੇਟਿਵ ਪਾਰਟੀ ਦੇ ਚਾਰ ਉਮੀਦਵਾਰਾਂ ਨੂੰ ਕਥਿਤ ਤੌਰ 'ਤੇ ਪ੍ਰਭਾਵਤ ਕਰਨ ਦਾ ਯਤਨ ਕੀਤਾ ਗਿਆ। ਖੁਫੀਆ ਦਸਤਾਵੇਜ਼ਾਂ ਮੁਤਾਬਕ ਭਾਰਤ ਸਰਕਾਰ ਦਾ ਮੰਨਣਾ ਹੈ ਕਿ ਇੰਡੋ ਕੈਨੇਡੀਅਨ ਵੋਟਰਾਂ ਦਾ ਇਕ ਵੱਡਾ ਹਿੱਸਾ ਖਾਲਿਸਤਾਨੀ ਸਰਗਰਮੀਆਂ ਪ੍ਰਤੀ ਨਰਮ ਰਵੱਈਆ ਰਖਦਾ ਹੈ। ਦੂਜੇ ਪਾਸੇ ਚੀਨ ਵੱਲੋਂ 11 ਉਮੀਦਵਾਰਾਂ ਤੋਂ ਇਲਾਵਾ ਸਿਆਸੀ ਪਾਰਟੀਆਂ ਦੇ 13 ਸਟਾਫ ਮੈਂਬਰਾਂ ਨੂੰ ਵੀ ਪ੍ਰਭਾਵਤ ਕਰਨ ਦੇ ਯਤਨ ਕੀਤੇ ਗਏ। ਢਾਈ ਲੱਖ ਡਾਲਰ ਦੀ ਰਕਮ ਚੀਨੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਰਾਹੀਂ 2018 ਅਤੇ 2019 ਵਿਚ ਕੈਨੇਡਾ ਪਹੁੰਚਾਈ ਗਈ ਜਿਨ੍ਹਾਂ ਨੂੰ ਖੁਫੀਆ ਰਿਪੋਰਟ ਵਿਚ 'ਥਰੈਟ ਐਕਟਰਜ਼' ਦਾ ਨਾਂ ਦਿਤਾ ਗਿਆ ਹੈ।

# 1000 ਬੱਚਿਆਂ ਦਾ ਪਿਓ ਬਣਿਆ ਸ਼ਖਸ

## ਹੋਰ ਬੱਚੇ ਨੂੰ ਜਨਮ ਦੇਣ 'ਤੇ ਲੱਗੇਗਾ 91 ਲੱਖ ਰੁਪਏ ਜ਼ੁਰਮਾਨਾ !



ਪਿਓ ਬਣਨ ਦਾ ਅਹਿਸਾਸ ਕਿਸੇ ਵੀ ਆਦਮੀ ਲਈ ਬਹੁਤ ਖਾਸ ਹੁੰਦਾ ਹੈ। ਜਦੋਂ ਮਨੁੱਖ ਪਹਿਲੀ ਵਾਰ ਆਪਣੇ ਬੱਚੇ ਨੂੰ ਗੋਦੀ ਵਿੱਚ ਲੈਂਦਾ ਹੈ ਤਾਂ ਉਹ ਆਪਣੇ ਅੰਦਰ ਕਈ ਤਰ੍ਹਾਂ ਦੀਆਂ ਭਾਵਨਾਵਾਂ ਮਹਿਸੂਸ ਕਰਦਾ ਹੈ। ਪਰ ਨੀਦਰਲੈਂਡ ਦੇ ਇੱਕ ਆਦਮੀ ਨੇ ਇਸ ਭਾਵਨਾ ਦਾ ਇੰਨੀ ਵਾਰ ਅਨੁਭਵ ਕੀਤਾ ਹੈ ਕਿ ਸ਼ਾਇਦ ਉਸ ਲਈ ਇਹ ਕੋਈ ਮਾਇਨੇ ਨਹੀਂ ਰੱਖਦਾ! ਜਿਸ ਵਿਅਕਤੀ ਬਾਰੇ ਅਸੀਂ ਗੱਲ ਕਰ ਰਹੇ ਹਾਂ ਉਸ ਦੀ ਉਮਰ 43 ਸਾਲ ਹੈ ਅਤੇ ਉਹ ਕਰੀਬ 1000 ਬੱਚਿਆਂ ਦਾ ਪਿਓ ਬਣ ਚੁੱਕਾ ਹੈ। ਉਹ ਇੰਨੇ ਬੱਚਿਆਂ ਨੂੰ ਪੈਦਾ ਕਰ ਚੁੱਕਾ ਹੈ ਕਿ ਹੁਣ ਸਥਿਤੀ ਅਜਿਹੀ ਹੈ ਕਿ ਜੇਕਰ ਉਹ ਇਕ ਹੋਰ ਬੱਚੇ ਨੂੰ ਪੈਦਾ ਕਰਦਾ ਹੈ ਤਾਂ ਉਸ ਨੂੰ 91 ਲੱਖ ਰੁਪਏ ਦਾ ਜੁਰਮਾਨਾ ਭਰਨਾ ਪਵੇਗਾ।

ਦਿ ਸਨ ਵੈੱਬਸਾਈਟ ਦੀ ਰਿਪੋਰਟ ਮੁਤਾਬਕ ਜੋਨਾਥਨ ਮੇਜਰ 'ਤੇ ਨੈੱਟਫਲਿਕਸ ਨੇ ਇਕ ਡਾਕੂਮੈਂਟਰੀ ਬਣਾਈ ਹੈ। ਦਰਅਸਲ ਜੋਨਾਥਨ 1-2 ਨਹੀਂ ਬਲਕਿ 1000 ਬੱਚਿਆਂ ਦਾ ਪਿਓ ਹੈ। ਉਸਨੂੰ ਬਿਲਕੁਲ ਯਾਦ ਵੀ ਨਹੀਂ ਹੈ, ਹਾਲਾਂਕਿ, ਉਸਦਾ ਅੰਦਾਜ਼ਾ ਹੈ ਕਿ ਉਸਦੇ ਲਗਭਗ 1000 ਬੱਚੇ ਵੱਖ-ਵੱਖ ਦੇਸ਼ਾਂ ਵਿੱਚ ਮੌਜੂਦ ਹਨ। ਜੋਨਾਥਨ ਨੇ ਡੇਲੀ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਆਪਣੀ ਜ਼ਿੰਦਗੀ ਵਿਚ ਕੁਝ ਸਾਰਥਕ ਅਤੇ ਅਰਥ ਭਰਪੂਰ ਕਰਨਾ ਚਾਹੁੰਦਾ ਸੀ, ਇਸੇ ਲਈ ਉਸ ਨੇ ਇਸ ਤਰ੍ਹਾਂ ਸਮਾਜ ਦੀ ਸੇਵਾ ਕਰਨ ਦਾ ਫ਼ੈਸਲਾ ਕੀਤਾ। ਦਰਅਸਲ ਜੋਨਾਥਨ ਇੱਕ ਸਪਰਮ ਡੋਨਰ ਰਿਹਾ ਹੈ ਜੋ ਹੁਣ ਰਿਟਾਇਰ ਹੋ ਚੁੱਕਾ ਹੈ। ਉਨ੍ਹਾਂ ਨੇ ਵੱਖ-ਵੱਖ ਦੇਸ਼ਾਂ 'ਚ ਰਹਿ ਰਹੇ ਸੈਂਕੜੇ ਜੋੜਿਆਂ ਨੂੰ ਸ਼ੁਕਰਾਣੂ ਦਾਨ ਕੀਤੇ, ਜਿਨ੍ਹਾਂ ਦੀ ਮਦਦ ਨਾਲ ਉਹ ਮਾਤਾ-ਪਿਤਾ ਬਣ ਸਕੇ। ਪਰ ਹੁਣ ਬੱਚਿਆਂ ਦੀ ਗਿਣਤੀ ਇੰਨੀ ਵੱਧ ਗਈ ਹੈ ਕਿ ਮਾਪਿਆਂ ਨੂੰ ਡਰ ਲੱਗਣ ਲੱਗ ਪਿਆ ਹੈ ਕਿ ਭਵਿੱਖ ਵਿੱਚ ਉਨ੍ਹਾਂ ਦੇ ਬੱਚੇ ਅਣਜਾਣੇ ਵਿੱਚ ਆਪਣੇ ਹੀ ਮਤਰੇਏ ਭੈਣ-ਭਰਾਵਾਂ ਨਾਲ ਸਬੰਧ ਬਣਾ ਸਕਦੇ ਹਨ।













# ਕੈਂਮਬ੍ਰਿਜ ਪੰਜਾਬੀ ਖੇਡ ਮੇਲਾ 3 ਅਤੇ 4 ਅਗਸਤ ਨੂੰ

## ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ




ਬਰੈਂਪਟਨ (ਸਟਾਰ ਨਿਊਜ):-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਮਬ੍ਰਿੱਜ ਵੱਲੋਂ ਕੈਂਮਬ੍ਰਿਜ ਅਤੇ ਆਲ਼ੇ ਦੁਆਲ਼ੇ ਦੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਪੰਜਾਬੀ ਖੇਡ ਮੇਲਾ ਇਸ ਸਾਲ 14ਵਾਂ ਖੇਡ ਮੇਲਾ ਅਗਸਤ 03 ਅਤੇ 04 ਦਿਨ ਸ਼ਨਿੱਚਰਵਾਰ ਤੇ ਐਤਵਾਰ ਨੂੰ St. Beneidct Cathoilc Secondary School, 50 Saignaw Pkwy, Cambirdge ON ਦੀ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਹੇਠ ਲਿਖੀਆਂ ਖੇਡਾਂ ਕਰਵਾਈਆਂ ਜਾਣਗੀਆਂ। ਸਾਰੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਦੋਨੇ ਦਿਨ ਸਮੇਂ ਸਿਰ ਆਪਣੇ ਬੱਚਿਆਂ ਸਮੇਤ ਪਹੁੰਚਣਾ।

ਅੰਡਰ 10 ਤੋਂ ਅੰਡਰ 18 ਲੜਕੇ ਅਤੇ ਲੜਕੀਆਂ ਸੌਕਰ ਦੇ ਮੁਕਾਬਲੇ ਹੋਣਗੇ, ਇਸੇ ਤਰ੍ਹਾਂ ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ ਹੋਣਗੀਆਂ, ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੇ ਲੌਂਗ ਜੰਪ ਦੇ ਮੁਕਾਬਲੇ ਹੋਣਗੇ, ਬਾਸਕਟ ਬਾਲ, ਰੱਸੇ ਦੇ ਮੁਕਾਬਲੇ, ਅੰਡਰ 10 ਤੋਂ ਅੰਡਰ 19 ਦੇ ਲੜਕਿਆਂ ਦੀ ਕਬੱਡੀ, ਅੰਡਰ 19 ਲੜਕਿਆਂ ਦੇ ਬੈਂਚ ਪ੍ਰੈਸ ਦੇ ਮੁਕਾਬਲੇ, ਮਰਦਾਂ ਅਤੇ ਔਰਤਾਂ ਲਈ ਰੱਸਾ ਕਸੀ ਦੇ ਮੁਕਾਬਲੇ, ਬਜ਼ੁਰਗਾਂ ਦੇ ਰੱਸੇ ਦੇ ਮੁਕਾਬਲੇ ਹੋਣਗੇ, ਔਰਤਾਂ ਲਈ ਗਾਗਰ ਰੇਸ, ਮਿਊਜ਼ੀਕਲ ਚੇਅਰ ਰੇਸ ਆਦਿ ਹੋਰ ਬਹੁਤ ਸਾਰੀਆਂ ਖੇਡਾਂ ਹੋਣਗੀਆਂ।

ਦੋਨੋ ਦਿਨ ਜਿੱਥੇ ਕੈਂਮਬ੍ਰਿਜ ਗੁਰਦੁਆਰਾ ਸਾਹਿਬ ਵਲੋਂ ਲੰਗਰ ਦਾ ਪ੍ਰਬੰਧ ਹੋਵੇਗਾ, ਉਸ ਦੇ ਨਾਲ ਵੱਖ-ਵੱਖ ਵਿਪਾਰਿਕ ਅਦਾਰਿਆਂ ਵੱਲੋਂ ਵੀ ਖਾਣ/ਪੀਣ ਦੇ ਸਟਾਲ ਲਗਾਏ ਜਾਣਗੇ। ਵਾਟਰਲੂ ਰਿਜਨ ਅਤੇ ਇਸ ਦੇ ਆਲੇ ਦੁਆਲੇ ਦੇ ਸ਼ਹਿਰਾਂ ਦੇ ਨਿਵਾਸੀ ਵੱਡੀ ਗਿਣਤੀ ਵਿੱਚ ਇਸ ਮੇਲੇ ਦਾ ਅਨੰਦ ਮਾਨਣ ਲਈ ਪਹੁੰਚ ਰਹੇ ਹਨ। ਤੁਸੀਂ ਵੀ ਇਸ ਮੇਲੇ ਵਿੱਚ ਪਹੁੰਚਣ ਲਈ 3 ਅਤੇ 4 ਅਗਸਤ ਦਾ ਦਿਨ ਵਿਹਲਾ ਰੱਖੋ।

# 'ਸੰਨੀ ਡੇਅ ਜਨਰਸ ਹਾਰਟਸ ਆਈ.ਸੀ.ਜੀ.ਏ. ਗੌਲਫ਼ ਟੂਰਨਾਮੈਂਟ' 'ਚ ਇਕੱਤਰ ਹੋਏ

## 51,000 ਡਾਲਰ ਟੀ.ਐੱਚ.ਪੀ. ਨੂੰ ਦਾਨ 'ਚ ਦਿੱਤੇ

ਮਿਲਟਨ, (ਡਾ. ਝੰਡ) -ਇੰਡੋ ਕੈਨੇਡੀਅਨ ਗੌਲਫ਼ ਐਸੋਸੀਏਸ਼ਨ (ਆਈ.ਸੀ.ਜੀ.ਏ.) ਮਿਲਟਨ ਸ਼ਹਿਰ ਵਿਚ ਗੈੱਨਕੇਰਨ ਕਲੱਬ ਵਿਚ 23 ਜੁਲਾਈ ਨੂੰ ਸਫ਼ਲਤਾ ਪੂਰਵਕ ਸੰਪੰਨ ਹੋਏ ਗੌਲਫ਼ ਟੂਰਨਾਮੈਂਟ 'ਤੇ ਫ਼ਖ਼ਰ ਮਹਿਸੂਸ ਕਰ ਰਹੀ ਹੈ। ਨਿੱਘੀ ਧੁੱਪ ਵਾਲੇ ਇਸ ਸਾਫ਼ ਸੁਥਰੇ ਦਿਨ 200 ਤੋਂ ਵਧੇਰੇ ਗੌਲਫ਼ ਖਿਡਾਰੀਆਂ ਤੇ ਮੈਚ ਵੇਖਣ ਦੇ ਸ਼ੌਕੀਨਾਂ ਨੇ ਕਲੱਬ ਦੇ ਹਰੇ-ਭਰੇ ਮੈਦਾਨ ਵਿਚ ਸ਼ਿਰਕਤ ਕੀਤੀ। ਇਸ ਮੌਕੇ ਆਈ ਸੀ.ਜੀ.ਏ. ਵੱਲੋਂ ਇਕੱਤਰ ਹੋਈ 51,000 ਡਾਲਰ ਦੀ ਰਾਸ਼ੀ ਟ੍ਰਿਲੀਅਮ ਹੈੱਲਥ ਪਾਰਟਨਰਜ਼ ਫ਼ਾਊਂਡੇਸ਼ਨ (ਟੀ.ਐੱਚ.ਪੀ.) ਨੂੰ ਡੋਨੇਟ ਕੀਤੀ ਗਈ। ਪਿਛਲੇ ਸਾਲ ਵੀ ਏਨੀ ਹੀ ਰਕਮ ਇਸ ਕਲੱਬ ਵੱਲੋਂ ਟੀ.ਐੱਚ.ਪੀ. ਨੂੰ ਦਾਨ ਵਿਚ ਦਿੱਤੀ ਗਈ ਸੀ। ਇਸ ਟੂਰਨਾਮੈਂਟ ਵਿਚ ਦੋ ਲੀਗ ਮੈਚ ਖੇਡੇ ਗਏ। ਆਈ.ਸੀ.ਜੀ.ਏ. ਗੌਲਫ਼ ਚੈਂਪੀਅਨਸ਼ਿਪ ਲਈ ਹੰਢੇ-ਵਰਤੇ ਤਜਰਬਾਕਾਰ ਗੌਫਲਫ਼ਰਾਂ ਵਿਚਕਾਰ 15,000 ਡਾਲਰ ਰਾਸ਼ੀ ਦੇ ਇਨਾਮ ਲਈ ਸਖ਼ਤ ਮੁਕਾਬਲਾ ਸੀ। 'ਟੌਪ-ਟਾਇਰ ਗੌਲਫ਼ਰਾਂ' ਦਰਮਿਆਨ ਇਹ ਮੁਕਾਬਲਾ ਸਾਰਾ ਦਿਨ ਚੱਲਦਾ ਰਿਹਾ। ਇਸ ਵਿਚ ਜਸਕਰਨ ਕੈਂਥ ਨੂੰ ਇੰਡੋ-ਕੈਨੇਡਾ ਕੱਪ ਅਤੇ 5,000 ਡਾਲਰ ਦੇ ਨਕਦ ਇਨਾਮ ਨਾਲ 'ਸਰਵੋਤਮ ਖਿਡਾਰੀ' ਐਲਾਨਿਆ ਗਿਆ, ਜਦਕਿ ਰੌਨ ਸਿੱਧੂ ਨੇ ਦੂਸਰੇ ਨੰਬਰ 'ਤੇ ਆ ਕੇ 4,000 ਡਾਲਰ ਦਾ ਨਕਦ ਇਨਾਮ ਜਿੱਤਿਆ। ਤੀਸਰੇ ਨੰਬਰ 'ਤੇ ਆਉਣ ਵਾਲੇ ਲੱਕੀ ਸਾਂਡਲ ਨੂੰ 3,000 ਡਾਲਰ ਦਾ ਨਕਦ ਇਨਾਮ ਮਿਲਿਆ। ਚੌਥੇ ਨੰਬਰ 'ਤੇ ਸ਼ਵਿੰਦਰ ਸਿੰਘ ਰਿਹਾ ਜਿਸ ਨੂੰ 2,000 ਡਾਲਰ ਇਨਾਮ ਵਜੋਂ ਦਿੱਤੇ ਗਏ ਅਤੇ ਪੰਜਵੇਂ ਨੰਬਰ 'ਤੇ ਆਉਣ ਵਾਲੇ ਸਰਬਜੀਤ ਸਿੰਘ ਨੂੰ 1,000 ਡਾਲਰ ਇਨਾਮ ਵਿਚ ਮਿਲੇ। ਚੈਰਿਟੀ ਦੀ ਪਵਿੱਤਰ ਭਾਵਨਾ ਨੂੰ ਮੁੱਖ ਰੱਖਦਿਆਂ ਜਸਕਰਨ, ਰੌਨ, ਸ਼ਵਿੰਦਰ ਤੇ ਸਰਬਜੀਤ ਵੱਲੋਂ ਆਪਣੇ ਨਕਦ ਇਨਾਮਾਂ ਦੀ ਇਹ ਰਾਸ਼ੀ ਆਈ.ਸੀ.ਜੀ.ਏ. ਨੂੰ ਚੈਰਿਟੀ ਵਿਚ ਸ਼ਾਮਲ ਕਰਨ ਲਈ ਵਾਪਸ ਕਰ ਦਿੱਤੀ ਗਈ।



ਦੂਸਰਾ ਲੀਗ ਮੈਚ ਇੰਡੋ-ਕੈਨੇਡੀਆ ਗੌਲਫ਼ ਐਸੋਸੀਏਸ਼ਨ ਨੂੰ ਸਮਰਪਿਤ ਸੀ ਜਿਸ ਵਿਚ 'ਸਕਰੈਂਬਲ ਟਰਾਫ਼ੀ' ਲਈ ਮੁਕਾਬਲਾ ਹੋਇਆ। ਇਸ ਵਿਚ ਇਮਾਨ ਸੈਂਹਬੀ, ਮੈਥਿਊ ਔਨਿਕ, ਸੋਨੀ ਮੁਹੰਮਦ ਤੇ ਗਰੈਮੀ ਐਲਸਟੌਬ ਜੇਤੂ ਰਹੇ। ਦੂਸਰੇ ਨੰਬਰ 'ਤੇ ਆਉਣ ਵਾਲੀ ਟੀਮ ਵਿਚ ਹਰਵਿੰਦਰ ਪਵਾਰ, ਜਤਿੰਦਰ ਮੱਲ੍ਹੀ, ਸਰਬਜੀਤ ਸਰਾ ਤੇ ਪਾਲ ਸਿੰਘ ਸ਼ਾਮਲ ਸਨ। ਉੱਚ ਦਰਜੇ ਦੀ ਗੌਲਫ਼ ਖੇਡ ਦੇ ਨਾਲ ਨਾਲ ਹਾਜ਼ਰੀਨ ਨੇ ਕੈਨੇਡੀਅਨ, ਇੰਡੋ-ਕੈਨੇਡੀਅਨ, ਸਾਊਥ ਏਸ਼ੀਅਨ ਰਸੋਈ ਦੇ ਸੁਆਦਲੇ ਪਕਵਾਨਾਂ ਅਤੇ ਸੱਭਿਆਚਾਰਕ ਅਮੀਰੀ ਦਾ ਵੀ ਖ਼ੂਬ ਅਨੰਦ ਮਾਣਿਆ। ਇਸ ਟੂਰਨਾਮੈਂਟ ਵਿਚ ਦਾਨ ਦਾ ਪੱਖ ਚੋਖਾ ਭਾਰੂ ਰਿਹਾ। ਐਸੋਸੀਏਸ਼ਨ ਵੱਲੋਂ 51,000 ਡਾਲਰ ਦੀ ਵੱਡੀ ਰਕਮ ਟ੍ਰਿਲੀਅਮ ਹੈੱਲਥ ਪਾਰਟਨਰਜ਼ ਫ਼ਾਊਂਡੇਸ਼ਨ ਨੂੰ ਦਾਨ ਵਿਚ ਦਿੱਤੀ ਗਈ। ਟੀ.ਐੱਚ.ਪੀ. ਫ਼ਾਊਂਡੇਸ਼ਨ ਦੀ ਟੂਬਾ ਨੇ ਇਸ ਮੌਕੇ ਆਈ.ਸੀ.ਜੀ.ਏ. ਦੇ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ, "ਅਸੀਂ ਆਈ.ਸੀ.ਜੀ.ਏ. ਵੱਲੋਂ ਦਿਖਾਈ ਗਈ ਇਸ ਕਿਤੱਗਅਤਾ ਅਤੇ ਸਾਰੇ ਖਿਡਾਰੀਆਂ ਦੇ ਅਤੀ ਧੰਨਵਾਦੀ ਹਾਂ। ਇਹ ਦਾਨ-ਰਾਸ਼ੀ ਕਮਿਊਨਿਟੀ ਦੇ ਖ਼ਾਸ ਹੈੱਲਥਕੇਅਰ ਪ੍ਰੋਗਰਾਮ ਲਈ ਵਰਤੋਂ ਵਿਚ ਲਿਆਂਦੀ ਜਾਏਗੀ।" ਇਸ ਈਵੈਂਟ ਦੇ ਮੁੱਖ-ਸਪਾਂਸਰ ਤੁਰਕਿਸ਼ ਏਅਰਲਾਈਨਜ਼ ਦੇ ਨੁਮਾਇੰਦੇ ਨੇ ਇਸ ਮੌਕੇ ਬੋਲਦਿਆਂ ਕਿਹਾ, "ਅਸੀਂ ਆਈ.ਸੀ.ਜੀ.ਏ. ਵੱਲੋਂ ਕਰਵਾਏ ਗਏ ਇਸ ਗੌਲਫ਼ ਟੂਰਨਾਮੈਂਟ ਵਿਚ ਸਹਿਯੋਗ ਦੇ ਕੇ ਬੜਾ ਮਾਣ ਮਹਿਸੂਸ ਕਰ ਰਹੇ ਹਾਂ। ਇਸ ਵਿਚ ਖਿਡਾਰੀਆਂ ਤੇ ਪ੍ਰਬੰਧਕਾਂ ਦੀ ਸਪੋਰਟਸਮੈਨਸ਼ਿਪ ਅਤੇ ਕਮਿਊਨਿਟੀ ਲਈ ਪਿਆਰ ਦੀ ਝਲਕ ਦਿਖਾਈ ਦੇ ਰਹੀ ਹੈ।" ਟੂਰਨਾਮੈਂਟ ਦੀ ਸਫ਼ਲਤਾ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਈ.ਸੀ.ਜੀ.ਏ. ਦੇ ਚੇਅਰਪਰਸਨ ਮੋਹਿੰਦਰ ਸਿੰਘ ਨੇ ਕਿਹਾ, "ਇਸ ਸਾਲ ਦਾ ਟੂਰਨਾਮੈਂਟ ਸਾਡੀਆਂ ਆਸਾਂ ਤੋਂ ਵੀ ਅੱਗੇ ਲੰਘ ਗਿਆ ਹੈ। ਖੇਡ ਦਾ ਮਿਆਰ, ਕਮਿਊਨਿਟੀ ਵੱਲੋਂ ਮਿਲਿਆ ਬੇਹੱਦ ਸਮੱਰਥਨ ਅਤੇ ਟ੍ਰਿਲੀਅਮ ਹੈੱਲਥ ਫ਼ਾਊਂਡੇਸਲ ਲਈ ਪਾਇਆ ਗਿਆ ਵੱਡਾ ਯੋਗਦਾਨ ਇਸ ਟੂਰਨਾਮੈਂਟ ਦੇ ਵਿਸ਼ੇਸ਼ ਪੱਖ ਹਨ ਜੋ ਆਈ.ਸੀ.ਜੀ.ਏ. ਦੇ ਮੁੱਖ ਮੰਤਵ ਹਨ।" ਆਈ.ਸੀ.ਜੀ.ਏ. ਦੇ ਡਾਇਰੈਕਟਰ ਗਿਆਨ ਪਾਲ ਦਾ ਇਸ ਮੌਕੇ ਕਹਿਣਾ ਸੀ, "ਅੱਜ ਦੇ ਇਸ ਟੂਰਨਾਮੈਂਟ ਦੇ ਸਫ਼ਲਤਾ ਸਹਿਤ ਸੰਪੰਨ ਹੋਣ 'ਤੇ ਸਾਰਿਆਂ ਨੂੰ ਹਾਰਦਿਕ ਮੁਬਾਰਕਬਾਦ। ਤੁਸੀਂ ਸਾਰਿਆਂ ਨੇ ਮਿਲ ਕੇ ਇਸ ਈਵੈਂਟ ਨੂੰ ਖ਼ਾਸ ਬਣਾਇਆ ਹੈ। ਤੁਹਾਡਾ ਸੱਭ ਦਾ ਧੰਨਵਾਦ! ਤੁਹਾਡੇ ਵਿੱਚੋਂ ਬਹੁਤ ਸਾਰੇ ਇਸ ਸਮੇਂ ਅਗਲੇ ਸਾਲ ਹੋਣ ਵਾਲੇ ਗੌਲਫ਼ ਟੂਰਨਾਮੈਂਟ ਬਾਰੇ ਵੀ ਗੱਲਾਂ ਕਰ ਰਹੇ ਹਨ ਕਿ ਉਹ ਉਦੋਂ ਵੀ ਏਸੇ ਤਰ੍ਹਾਂ ਹੀ ਵੱਡੀ ਗਿਣਤੀ ਵਿਚ ਸ਼ਾਮਲ ਹੋਣਗੇ। ਇਹ ਤੁਹਾਡਾ ਗੌਲਫ਼ ਲਈ ਕੇਵਲ ਪ੍ਰੇਮ-ਪਿਆਰ ਹੀ ਨਹੀਂ ਹੈ, ਸਗੋਂ ਇਹ ਤਾਂ ਕਮਿਊਨਿਟੀ ਲਈ ਕੁਝ ਚੰਗਾ ਕਰਨ ਦੀ ਸਦਭਾਵਨਾ ਹੈ।" ਆਪਣੇ ਸੰਬੋਧਨ ਵਿਚ ਉਨ੍ਹਾਂ ਵੱਲੋਂ ਸਮੂਹ ਸਪਾਂਸਰਾਂ, ਟੂਰਨਾਮੈਂਟ ਵਿਚ ਸ਼ਾਮਲ ਹੋਣ ਵਾਲਿਆਂ ਅਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਟੂਰਨਾਮੈਂਟ ਬੇਹੱਦ ਸਫਲ ਹੋਇਆ ਹੈ।

# ਡੌਂਕੀ ਲਾ ਕੇ ਅਮਰੀਕਾ ਭੇਜਿਆ ਸੀ ਪੁੱਤ, 7 ਸਾਲਾਂ ਤੋਂ ਨਹੀਂ ਮਿਲਿਆ ਕੋਈ ਸੁਰਾਗ



ਗੁਰਦਾਸਪੁਰ ਦੇ ਪਿੰਡ ਬਿਆਨਪੁਰ ਦਾ ਰਹਿਣ ਵਾਲਾ 22 ਸਾਲਾਂ ਨੌਜਵਾਨ ਗੁਰਦੀਪ ਸਿੰਘ ਨੂੰ 7 ਸਾਲ ਪਹਿਲਾਂ ਏਜੰਟ ਨੇ ਡੌਂਕੀ ਲਗਾ ਕੇ ਅਮਰੀਕਾ ਭੇਜਿਆ ਸੀ। ਪਰ ਉਸ ਦਾ 7 ਸਾਲ ਬੀਤ ਜਾਣ ਤੋਂ ਬਾਅਦ ਵੀ ਆਪਣੇ ਪਰਿਵਾਰ ਨਾਲ ਸੰਪਰਕ ਨਹੀਂ ਹੋ ਸਕਿਆ ਹੈ, ਜਿਸ ਕਾਰਨ ਪਰਿਵਾਰਦਾ ਰੋ-ਰੋ ਬੁਰਾ ਹਾਲ ਹੋਇਆ ਪਿਆ ਹੈ, ਉਨ੍ਹਾਂ ਨੂੰ ਆਪਣੇ ਪੁੱਤ ਦੀ ਕੋਈ ਸਾਰ ਨਹੀਂ ਮਿਲ ਰਹੀ ਹੈ। ਮਾਪਿਆਂ ਨੇ ਸਰਕਾਰ ਨੂੰ ਮਦਦ ਦੀ ਗੁਹਾਰ ਲਗਾਈ ਹੈ।

ਗੁਰਦੀਪ ਸਿੰਘ ਦਾ ਪਿਤਾ ਅਵਤਾਰ ਸਿੰਘ ਨੇ ਦੱਸਿਆ ਕਿ ਪਿੰਡ ਦੇ ਹੀ ਇੱਕ ਪਰਿਵਾਰ ਵੱਲੋਂ ਉਨ੍ਹਾਂ ਦਾ ਸੰਪਰਕ ਮੁਕੇਰੀਆਂ ਦੇ ਪਿੰਡ ਮੇਹੰਦੀਪੁਰ ਦੇ ਸੁਖਵਿੰਦਰ ਸਿੰਘ ਨਾਲ ਹੋਇਆ ਸੀ। ਸੁਖਵਿੰਦਰ ਸਿੰਘ ਪੰਜਾਬ ਪੁਲਿਸ 'ਚ ਹੌਲਦਾਰ ਵਜੋਂ ਤਾਇਨਾਤ ਹੈ ਅਤੇ ਲੋਕਾਂ ਨੂੰ ਬਾਹਰ ਭੇਜਣ ਦਾ ਵੀ ਕੰਮ ਕਰਦਾ ਹੈ। ਉਸਨੇ ਗੁਰਦੀਪ ਸਿੰਘ ਨੂੰ ਅਮਰੀਕਾ ਭੇਜਣ ਦੇ ਲਈ ਉਸ ਤੋਂ 35 ਲੱਖ ਰੁਪਏ 'ਚ ਸੌਦਾ ਤੈਅ ਕੀਤਾ ਸੀ ਅਤੇ 12 ਲੱਖ ਰੁਪਏ ਪਹਿਲਾਂ ਲੈ ਲਿਆ ਸੀ। ਬਾਕੀ ਪੈਸੇ ਗੁਰਦੀਪ ਦੇ ਅਮਰੀਕਾ ਪਹੁੰਚਣ ਤੋਂ ਬਾਅਦ ਦਿੱਤਾ ਜਾਣਾ ਸੀ। ਅਮਰੀਕਾ ਜਾਣ ਦੇ ਲਈ ਗੁਰਦੀਪ 28 ਮਈ 2017 ਨੂੰ ਘਰੋਂ ਦਿੱਲੀ ਲਈ ਰਵਾਨਾ ਹੋਇਆ ਸੀ।

ਅਵਤਾਰ ਸਿੰਘ ਨੇ ਦੱਸਿਆ ਕਿ ਉਸ ਨੇ 7 ਸਾਲ ਪਹਿਲਾਂ ਆਪਣੇ ਬੇਟੇ ਨਾਲ ਆਖਰੀ ਵਾਰ ਗੱਲ ਕੀਤੀ ਸੀ, ਉਸ ਨੇ ਉਸ ਨੂੰ ਕਿਹਾ ਸੀ ਕਿ ਉਹ ਅਮਰੀਕਾ ਜਾ ਰਿਹਾ ਹੈ, ਪਹਿਲਾਂ ਉਹ ਮੈਕਸੀਕੋ ਜਾਵੇਗਾ ਅਤੇ ਉਥੋਂ ਕਿਸੇ ਹੋਰ ਮੁਲਕ ਤੋਂ ਹੁੰਦੇ ਹੋਏ ਅਮਰੀਕਾ ਜਾਵੇਗਾ ਪਰ ਅੱਜ ਤੱਕ ਮੇਰੇ ਬੇਟੇ ਨਾਲ ਗੱਲ ਨਹੀਂ ਹੋ ਸਕੀ, ਨਾ ਤਾਂ ਏਜੰਟ ਨਾਲ ਕੋਈ ਸੰਪਰਕ ਹੋਇਆ ਹੈ। ਉਨ੍ਹਾਂ ਦੱਸਿਆ ਕਿ ਉਸਦਾ ਫ਼ੋਨ ਬੰਦ ਆ ਰਿਹਾ ਹੈ। ਅਵਤਾਰ ਸਿੰਘ ਨੇ ਦੱਸਿਆ ਕਿ ਉਹ ਏਜੰਟ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਸ ਦੇ ਪਿੰਡ ਜਾ ਕੇ ਹੀ ਉਹ ਆਪਣੇ ਮੁੰਡੇ ਬਾਰੇ ਕੁਝ ਪਤਾ ਕਰ ਪਾਉਣਗੇ। ਉਨ੍ਹਾਂ ਕਿਹਾ ਕਿ ਕਪੂਰਥਲਾ ਦੇ ਕੁਝ ਦੋਸਤ ਵੀ ਉਨ੍ਹਾਂ ਦੇ ਨਾਲ ਸਨ ਜਦੋਂ ਉਹ ਬਹਾਮਾਸ ਵਿੱਚ ਅਮਰੀਕਾ ਪਹੁੰਚਿਆ ਤਾਂ ਉਸ ਤੋਂ ਬਾਅਦ ਉਸਨੇ ਆਪਣੇ ਪਰਿਵਾਰ ਨਾਲ ਗੱਲ ਨਹੀਂ ਹੋ ਪਾਈ। ਹੁਣ ਘਰ 'ਚ ਮਾਤਾ ਪਿਤਾ ਅਤੇ ਭੈਣ ਦਾ ਚਿੰਤਾ 'ਚ ਡੁੱਬੇ ਹੋਏ ਹਨ। ਗੁਰਦੀਪ ਸਿੰਘ ਦਾ ਪਰਿਵਾਰ ਸਰਕਾਰ ਤੋਂ ਮਦਦ ਦੀ ਗੁਹਾਰ ਲਗਾ ਰਿਹਾ ਹੈ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ

ਪੰਜਾਬ ਸਟਾਰ ਬਿਊਰੋ



ਜ਼ਿਲ੍ਹਾ ਗੁਰਦਾਸਪੁਰ ਅਤੇ ਥਾਣਾ ਡੇਰਾ ਬਾਬਾ ਨਾਨਕ ਦੇ ਅਧੀਨ ਪੈਂਦੇ ਪਿੰਡ ਅਲਾਵਲਵਾਲ ਦੇ ਰਹਿਣ ਵਾਲੇ ਨੌਜਵਾਨ ਅਜੇਪਾਲ ਸਿੰਘ ਗਿੱਲ ਪੁੱਤਰ ਪਰਉਪਕਾਰ ਸਿੰਘ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਣ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਪੁੱਤਰ ਦੀ ਮੌਤ ਦੀ ਖਬਰ ਸੁਣ ਕੇ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੈ। ਇਸ ਸਬੰਧੀ ਮ੍ਰਿਤਕ ਦੇ ਪਿਤਾ ਪਰਉਪਕਾਰ ਸਿੰਘ ਅਤੇ ਫੁੱਫੜ ਸੁਖਰਾਜ ਸਿੰਘ ਗਿੱਲ ਨੇ ਦੱਸਿਆ ਕਿ ਪਰਉਪਕਾਰ ਸਿੰਘ ਗਿੱਲ 8 ਸਾਲ ਪਹਿਲਾਂ ਅਮਰੀਕਾ ਦੇ ਓਰਗਨ ਸਟੇਟ ਪੋਟਲੈਂਡ ਸ਼ਹਿਰ ਗਿਆ ਸੀ ਜਿੱਥੇ ਉਸ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਅਜੇਪਾਲ ਸਿੰਘ ਆਪਣੇ ਦੋਸਤਾਂ ਨਾਲ ਰਹਿੰਦਾ ਸੀ ਤੇ ਉਹ ਹਰ ਰੋਜ਼ ਦੀ ਤਰ੍ਹਾਂ ਦੋਸਤਾਂ ਨਾਲ ਸੋਇਆ ਸੀ। ਜਦੋਂ ਸਵੇਰੇ ਅਜੇਪਾਲ ਨਾ ਉੱਠਿਆ ਤਾਂ ਦੋਸਤਾਂ ਨੇ ਉਸ ਨੂੰ ਹਿਲਾ ਕੇ ਦੇਖਿਆ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

# ਸਾਨਫਰਾਂਸਿਸਕੋ ਵਿਖੇ ਦੋ ਰੋਜ਼ਾ 47ਵੀਂ ਮੈਰਾਥਨ 'ਚ ਪੰਜਾਬੀਆਂ ਨੇ ਕੀਤੀ ਸ਼ਿਰਕਤ

ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਫਰਿਜਨੋ (ਕੈਲੀਫੋਰਨੀਆਂ): ਲੰਘੇ ਐਤਵਾਰ ਸਾਨਫਰਾਂਸਿਸਕੋ ਵਿਖੇ ਦੋ ਰੋਜ਼ਾ 47ਵੀ ਮੈਰਾਥਨ ਸਮਾਪਤ ਹੋਈ । ਜਿਸ ਵਿੱਚ ਦੁਨੀਆਂ ਭਰ ਤੋਂ ਕੋਈ 45000 ਦੇ ਕਰੀਬ ਦੌੜਾਕਾਂ ਨੇ ਹਿੱਸਾ ਲਿਆ। ਇਸ ਦੌੜ ਵਿੱਚ 9 ਪੰਜਾਬੀਆਂ ਨੇ ਵੀ ਹਿੱਸਾ ਲੈਕੇ ਪੰਜਾਬੀ ਭਾਈਚਾਰੇ ਦੀ ਨੁਮੈਂਦਗੀ ਕੀਤੀ। ਜਿਨ੍ਹਾਂ ਵਿੱਚੋ ਇੱਕ 82 ਸਾਲਾਂ ਨੌਜਵਾਨ ਸਤਿਕਾਰਯੋਗ ਬਾਪੂ ਜੀ ਸਰਦਾਰ ਜੋਗਿੰਦਰ ਸਿੰਘ ਸਾਹੀ ਵੀ ਸਨ, ਜਿਨ੍ਹਾਂ ਨੇ 5ਕੇ ਦੌੜ ਵਿੱਚ ਆਪਣੀ ਉਮਰ ਦੇ ਸਾਰੇ ਹਾਣੀ ਨੌਜਵਾਨਾਂ ਨੂੰ ਪਛਾੜ ਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਸਾਡੇ ਲਈ ਇਹ ਬਹੁਤ ਹੀ ਮਾਣ ਵਾਲੀ ਅਤੇ ਸੇਧ ਲੈਣ ਵਾਲੀ ਗੱਲ ਹੈ , ਕਿ ਇਸ ਉਮਰ ਵਿੱਚ ਕਈ ਵਾਰ ਬੰਦਾ ਤੁਰਨ ਨੂੰ ਵੀ ਤਰਸਦਾ ਹੈ ਤੇ ਬਾਪੂ ਜੀ ਮੈਰਾਥਾਨ ਦੌੜ ਰਹੇ ਹਨ। ਇਸ ਦੌੜ ਵਿੱਚ ਫਰਿਜਨੋ ਨਿਵਾਸੀ ਹਰਭਜਨ ਸਿੰਘ ਨੇ 64-69 ਸਾਲ ਉਮਰ ਵਰਗ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਫਰਿਜਨੋ ਨਿਵਾਸੀ ਕਮਲਜੀਤ ਸਿੰਘ ਬੈਨੀਪਾਲ ਨੇ 55-60 ਉਮਰ ਵਰਗ ਵਿੱਚ 5ਕੇ ਰੇਸ 26 ਮਿੰਟ ਵਿੱਚ ਪੂਰੀ ਕੀਤੀ। ਇਸੇ ਤਰਾਂ ਕੁਲਵੰਤ ਸਿੰਘ ਗਿੱਲ, ਰਜਿੰਦਰ ਸਿੰਘ ਟਾਂਡਾ, ਮਨਪ੍ਰੀਤ ਸਿੰਘ ਆਦਿ ਨੇ ਵੀ 5ਕੇ ਰੇਸ ਵਿੱਚ ਭਾਗ ਲਿਆ। ਇਹਨਾਂ ਤੋ ਇਲਾਵਾ ਰਜਿੰਦਰ ਸਿੰਘ ਸੇਖੋਂ, ਨਰਿੰਦਰ ਕੌਰ ਸੇਖੋਂ, ਦਰਸ਼ਨ ਸਿੰਘ, ਕਮਲਜੀਤ ਘੁਮਾਣ ਆਦਿ ਨੇ 13ਕੇ ਰੇਸ ਵਿੱਚ ਹਿੱਸਾ ਲੈਕੇ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਇਆ। ਇੱਥੇ ਇਹ ਵੀ ਜਿਕਰਯੋਗ ਹੈ ਕਿ ਜਦੋਂ ਬਾਬੇ ਜੋਗਿੰਦਰ ਸਿੰਘ ਸਾਹੀ ਦੀ ਪੋਤਰੀ ਗੁਰਸਿਮਰਨ ਕੌਰ ਅਤੇ ਪੋਤ ਜਵਾਈ ਹਰਜਿੰਦਰ ਸਿੰਘ ਨੂੰ ਪਤਾ ਲੱਗਿਆ ਕੇ ਸਾਡੇ ਬਾਬੇ ਨੇ ਦੌੜ ਲਗਾਉਣ ਲਈ ਸਾਨਫਰਾਂਸਿਸਕੋ ਜਾਣਾ ਹੈ ਤਾਂ ਉਨ੍ਹਾਂ ਨੇ ਫਰਿਜ਼ਨੋ ਤੋਂ ਸ਼ਪੈਸ਼ਲ ਲਿਮੋਜ਼ੀਨ ਭੇਜ ਦਿੱਤੀ ਜਿਸ ਵਿੱਚ ਸਵਾਰ ਹੋਕੇ ਦਸੇ ਦੇ ਦਸ ਐਥਲੀਟ ਸਾਨਫਰਾਂਸਿਸਕੋ ਵਿਖੇ ਮੈਰਾਥਾਨ ਵਿੱਚ ਹਿੱਸਾ ਲੈਣ ਲਈ ਪਹੁੰਚੇ। ਇਹਨਾਂ ਸਾਰੇ ਐਥਲੀਟਾ ਨੂੰ ਸੀ. ਸੀ.ਐਸ ਲਿਮੋਜ਼ੀਨ ਸਰਵਿਸ ਨੇ ਸਪੌਸਰ ਕੀਤਾ।

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ

PUNJAB STAR TV

IPTV
ROKU
eBaba Ent
webtv

ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ

ਪੰਜਾਬ ਸਟਾਰ ਟੀਵੀ

ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666

YUPPTV
GET IT ON Google Play
Shava tv
jadoo tv
Cruze tv
amazon fireTV

NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਗੁਰੂ ਨਾਨਕ ਜਹਾਜ਼ ਦੇ ਚੜ੍ਹਦੀ ਕਲਾ ਦੇ ਸਫਰ ਤੇ 110ਵੀਂ ਯਾਦ 'ਚ ਵੈਨਕੂਵਰ 'ਚ ਵਿਸ਼ਾਲ ਸਮਾਗਮ

## ਜਹਾਜ਼ ਦੇ ਅਸਲੀ ਨਾਮ 'ਗੁਰੂ ਨਾਨਕ ਜਹਾਜ' ਦੀ ਬਹਾਲੀ ਦੇ ਹੱਕ 'ਚ ਸਰਬਸੰਮਤੀ ਨਾਲ ਮਤੇ ਪਾਸ



**ਕੈਨੇਡਾ ਤੋਂ ਗੁਰਪ੍ਰੀਤ ਸਿੰਘ ਤਲਵੰਡੀ ਦੀ ਵਿਸ਼ੇਸ਼ ਰਿਪੋਰਟ**

ਸਰੀ (ਕੈਨੇਡਾ)-ਅੱਜ ਤੋਂ 11 ਦਹਾਕੇ ਪਹਿਲਾਂ ਕੈਨੇਡਾ ਪੁੱਜੇ ਗੁਰੂ ਨਾਨਕ ਜਹਾਜ (ਪੁਰਾਣਾਂ ਨਾਮ ਕਾਮਾਗਾਟਾਮਾਰੂ) ਦੇ ਮੁਸਾਫਿਰਾਂ ਵਲੋਂ ਦਿਖਾਈ ਦ੍ਰਿੜਤਾ ਅਤੇ ਚੜ੍ਹਦੀ ਕਲਾ ਨੂੰ ਚੇਤੇ ਕਰਦਿਆਂ ਵੈਨਕੂਵਰ ਦੇ ਸਮੁੰਦਰੀ ਤੱਟ ਤੇ ਵਿਸ਼ਾਲ ਸਮਾਗਮ ਕਰਵਾਇਆ ਗਿਆ। ਵੈਨਕੂਵਰ ਦੇ ਸਮੁੰਦਰੀ ਤੱਟ ਤੇ ਗੁਰੂ ਨਾਨਕ ਜਹਾਜ ਦੀ ਯਾਦ ਵਿੱਚ ਬਣਾਈ ਗਈ ਸੁੰਦਰ ਪਾਰਕ ਵਿੱਚ ਕਰਵਾਏ ਗਏ ਇਸ ਸਮਾਗਮ ਦੌਰਾਨ ਪ੍ਰਬੰਧਕ ਪੰਜਾਬੀ ਪੱਤਰਕਾਰ ਤੇ ਉੱਘੇ ਲੇਖਕ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਸਮਾਗਮ ਦੇ ਉਦੇਸ਼ ਅਤੇ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਗੁਰੂ ਨਾਨਕ ਜਹਾਜ ਦੇ ਇਤਿਹਾਸਕ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਦਿਆਂ ਪੁਰਾਣੇ ਨਾਮ ਕਾਮਾਗਾਟਾਮਾਰੂ ਨੂੰ ਹੀ ਪ੍ਰਚੱਲਿਤ ਕਰ ਦਿੱਤਾ ਗਿਆ। ਜਦਕਿ ਉਕਤ ਜਹਾਜ ਦੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਨਾਮਕਰਨ ਕਰਨ ਬਾਰੇ ਇਤਿਹਾਸਕ ਪ੍ਰਮਾਣ ਮੌਜੂਦ ਹਨ। ਸਮਾਗਮ ਦੇ ਮਹਿਮਾਨ ਸਿੱਖਾਂ ਦੀ ਬਹੁਤ ਹੀ ਸਤਿਕਾਰਤ ਸਖਸ਼ੀਅਤ ਤੇ ਪਾਕਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ ਰਾਏ ਅਜੀਜ ਉਲਾ ਖਾਨ ਨੇ ਕਿਹਾ ਕਿ ਹੁਣ ਤੱਕ ਪ੍ਰਚਾਰੀ ਗਈ ਇਸ ਗਲਤੀ ਨੂੰ ਸੁਧਾਰਨਾ ਬਹੁਤ ਅਹਿਮੀਅਤ ਰੱਖਦਾ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਇਤਿਹਾਸਕ ਤੱਥ ਸਰਕਾਰ ਕੋਲ ਪਹੁੰਚਦੇ ਕੀਤੇ ਜਾਣ ਤਾਂ ਕਿ ਇਸ ਸੰਬੰਧੀ ਸਰਕਾਰੀ ਰਿਕਾਰਡ ਵਿੱਚ ਵੀ ਸੋਧ ਕਰਵਾਈ ਜਾਵੇ। ਉਨ੍ਹਾਂ ਪੰਜਾਬੀਆਂ ਨੂੰ ਆਪਣੇ ਅਣਗੌਲੇ ਕੀਤੇ ਗਏ ਇਤਿਹਾਸ ਤੋਂ ਸੇਧ ਲੈਣ ਦਾ ਸੱਦਾ ਦਿੱਤਾ। ਇਸ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਸਿੱਖਿਆ ਮੰਤਰੀ ਰਚਨਾਂ ਸਿੰਘ ਤੇ ਸਰੀ ਤੋਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਭਰੋਸਾ ਦਿਵਾਇਆ ਕਿ ਕੈਨੇਡੀਅਨ ਸਰਕਾਰ ਤੱਕ ਪੰਜਾਬੀਆਂ ਦਾ ਇਹ ਅਹਿਮ ਮਸਲਾ ਪਹੁੰਚਾਇਆ ਜਾਵੇਗਾ, ਲੇਕਿਨ ਇਸ ਸੰਬੰਧੀ ਇਤਿਹਾਸਕ ਪ੍ਰਮਾਣ ਉਨ੍ਹਾਂ ਤੱਕ ਪਹੁੰਚਾਏ ਜਾਣ। ਸਮਾਗਮ ਦੌਰਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾਂ ਵਲੋਂ ਪ੍ਰਕਾਸ਼ਿਤ 'ਸ਼੍ਰੀ ਗੁਰੂ ਨਾਨਕ ਜਹਾਜ (ਕਾਮਾਗਾਟਾਮਾਰੂ ਜਹਾਜ): ਸਮਕਾਲੀ ਵਿਰਤਾਂਤ (ਡਾ: ਗੁਰਦੇਵ ਸਿੰਘ ਸਿੱਧੂ ਦੁਆਰਾ ਸੰਪਾਦਿਤ) ਤੇ ਬਾਬਾ ਗੁਰਦਿੱਤ ਸਿੰਘ ਦੀ ਆਪਣੀ ਕਲਮ ਤੋਂ ਲਿਖੀ ਤੇ ਅੰਗਰੇਜ ਸਰਕਾਰ ਦੁਆਰਾ ਸੰਨ 1922 ਵਿੱਚ ਜਬਤ ਕਿਤਾਬ 'ਗੁਰੂ ਨਾਨਕ ਜਹਾਜ' (ਡਾ: ਗੁਰਵਿੰਦਰ ਸਿੰਘ ਅਤੇ ਡਾ: ਗੁਰਦੇਵ ਸਿੰਘ ਸਿੱਧੂ ਦੁਆਰਾ ਸੰਪਾਦਿਤ) ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ। ਇਸ ਦੌਰਾਨ ਉੱਘੇ ਵਿਦਵਾਨ ਡਾ: ਗੁਰਦੇਵ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਜਿਆਦਾਤਰ ਕਿਤਾਬਾਂ ਦੇ ਲੇਖਕਾਂ ਨੇ ਜਪਾਨੀ ਕੰਪਨੀ ਦੇ ਮਾਲਕੀ ਹੇਠਲੇ ਜਹਾਜ ਦੇ ਇਕਰਾਰਨਾਮੇ ਅਨੁਸਾਰ, ਮੀਡੀਆ ਰਿਪੋਰਟਾਂ ਅਤੇ ਬਰਤਾਨੀਆਂ ਸਰਕਾਰ ਦੇ ਦਸਤਾਵੇਜਾਂ ਨੂੰ ਅਦਾਰ ਬਣਾਂ ਕੇ ਕਾਮਾਗਾਟਾਮਾਰੂ ਨਾਮ ਤਾਂ ਪ੍ਰਚੱਲਿਤ ਕਰ ਦਿੱਤਾ, ਪਰ ਬਾਬਾ ਗੁਰਦਿੱਤ ਸਿੰਘ ਦੀ ਸਵੈ ਜੀਵਨੀ ਵਿੱਚ ਦਰਜ ਕੀਤੇ ਗਏ ਮੂਲ ਤੱਥਾਂ ਦਾ ਕਿਧਰੇ ਵੀ ਕੋਈ ਵੇਰਵਾ ਨਹੀਂ ਦਿੱਤਾ, ਜਿਸ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਸੀ ਕਿ ਕਾਮਾਗਾਟਾਮਾਰੂ ਜਹਾਜ ਕਿਰਾਏ ਤੇ ਲੈਣ ਤੋਂ ਬਾਅਦ ਇਸ ਦਾ ਨਾਮ ਬਦਲਕੇ 'ਗੁਰੂ ਨਾਨਕ ਜਹਾਜ' ਰੱਖ ਲਿਆ ਸੀ। ਗੁਰੂ ਨਾਨਕ ਜਹਾਜ ਹੈਰੀਟੇਜ ਸੁਸਾਇਟੀ ਵਲੋਂ ਸਮਾਗਮ ਦਾ ਸੰਚਾਲਨ ਕਰਦਿਆਂ ਡਾ: ਗੁਰਵਿੰਦਰ ਸਿੰਘ ਨੇ ਕਿਹਾ ਕਿ ਬਾਬਾ ਗੁਰਦਿੱਤ ਸਿੰਘ ਵਲੋਂ ਲਿਖੀ ਕਿਤਾਬ 'ਗੁਰੂ ਨਾਨਕ ਜਹਾਜ' ਦੇ ਮੂਲ ਇਤਿਹਾਸਕ ਤੱਥਾਂ ਤੇ ਅਧਾਰਿਤ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਉਨ੍ਹਾਂ ਵਲੋਂ ਕਿਰਾਏ ਤੇ ਲਏ ਸਮੁੰਦਰੀ ਬੇੜੇ ਦਾ ਨਾਮ ਗੁਰੂ ਨਾਨਕ ਜਹਾਜ ਰੱਖਿਆ ਗਿਆ ਸੀ। ਉਨਾਂ ਮੀਡੀਆ ਅਦਾਰਿਆਂ ਨੂੰ ਵੀ ਉਕਤ ਨਾਮ ਵਰਤਣ ਦੀ ਅਪੀਲ ਕੀਤੀ। ਇਸ ਮੌਕੇ ਪੜੇ ਗਏ ਮਤਿਆਂ ਨੂੰ ਅੰਗਰੇਜੀ ਵਿੱਚ ਗਿਆਨ ਸਿੰਘ ਸੰਧੂ, ਫਰੈਂਚ ਵਿੱਚ ਸਾਹਿਬ ਕੌਰ ਧਾਲੀਵਾਲ ਅਤੇ ਪੰਜਾਬੀ ਵਿੱਚ ਭੁਪਿੰਦਰ ਸਿੰਘ ਮੱਲੀ ਵਲੋਂ ਪੜਿਆ ਗਿਆ, ਜਿਨ੍ਹਾਂ ਨੂੰ ਸੰਗਤਾਂ ਵਲੋਂ ਬੜੇ ਹੀ ਉਤਸ਼ਾਹ ਨਾਲ ਪ੍ਰਵਾਨ ਕੀਤਾ ਗਿਆ। ਸਮਾਗਮ ਵਿੱਚ ਗੁਰਦਵਾਰਾ ਬੀ ਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਅਕਾਲੀ ਸਿੰਘ ਸਿੱਖ ਸੋਸਾਇਟੀ ਤੋਂ ਇਲਾਵਾ ਗੁਰੂ ਨਾਨਕ ਗੁਰਦਵਾਰਾ ਸਾਹਿਬ ਸਰੀ/ਡੈਲਟਾ ਤੋਂ ਗੁਰਮੀਤ ਸਿੰਘ ਤੂਰ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਨਿਊ ਵੈਸਟਮਿਨਸਟਰ ਤੋਂ ਹਰਦੀਪ ਸਿੰਘ ਨਾਗਰਾ, ਗੁਰੂ ਨਾਨਕ ਨਿਵਾਸ ਗੁਰਦਵਾਰਾ ਰਿਚਮੰਡ ਤੋਂ ਬਲਵੰਤ ਸਿੰਘ ਸੰਘੇੜਾ, ਗੁਰਦਵਾਰਾ ਦਸਮੇਸ਼ ਦਰਬਾਰ ਸਰੀ ਅਤੇ ਬੀ ਸੀ ਗੁਰਦਵਾਰਾ ਕੌਂਸਲ ਦੇ ਬੁਲਾਰੇ ਮਨਿੰਦਰ ਸਿੰਘ ਬੋਇਲ, ਗੁਰਦਵਾਰਾ ਕਲਗੀਧਰ ਦਰਬਾਰ ਐਬਟਸਫੋਰਡ ਤੋਂ ਗਿਆਨੀ ਬਲਵਿੰਦਰ ਸਿੰਘ, ਗੁਰਦਵਾਰਾ ਸਾਹਿਬ ਬਰੁਕਸਾਇਡ ਸਰੀ ਤੋਂ ਸੁਰਿੰਦਰ ਸਿੰਘ ਜੱਬਲ, ਗੁਰਦਵਾਰਾ ਨਾਨਕਸਰ ਰਿਚਮੰਡ ਤੋਂ ਅਮਰੀਕ ਸਿੰਘ ਨਿੱਝਰ, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਤੋਂ ਕੁੰਦਨ ਸਿੰਘ ਸੱਜਣ ਨੇ ਵੀ ਭਵਿੱਖ ਵਿੱਚ ਕਾਮਾਗਾਟਾਮਾਰੂ ਦੀ ਜਗ੍ਹਾ ਗੁਰੂ ਨਾਨਕ ਜਹਾਜ ਵਰਤਣ ਦਾ ਪ੍ਰਣ ਲਿਆ।

ਗੁਰਦਵਾਰਾ ਸੰਸਥਾਵਾਂ ਤੋਂ ਇਲਾਵਾ ਸਿੱਖ ਵਿਦਵਾਨ ਡਾ: ਪੂਰਨ ਸਿੰਘ ਗਿੱਲ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਸੁਨੀਲ ਕੁਮਾਰ ਸ਼ਰਮਾਂ, ਇਮਤਿਆਜ ਪੋਪਟ, ਵਕੀਲ ਬਲਪ੍ਰੀਤ ਸਿੰਘ ਖੱਟੜਾ, ਗਗਨ ਸਿੰਘ, ਕਾਮਾਗਾਟਾਮਾਰੂ ਹੈਰੀਟੇਜ ਸੁਸਾਇਟੀ ਦੇ ਹਰਭਜਨ ਸਿੰਘ ਗਿੱਲ, ਬਲਦੇਵ ਸਿੰਘ ਬਾਠ, ਮਨਪ੍ਰੀਤ ਸਿੰਘ ਮਨੀ ਕੁਰਾਲੀ, ਹਰਵਿੰਦਰ ਸਿੰਘ ਤੂਰ, ਅਮਰਜੀਤ ਸਿੰਘ ਧਾਲੀਵਾਲ,ਮਨਮੋਹਨ ਸਿੰਘ ਸਮਰਾ, ਅਵਤਾਰ ਸਿੰਘ ਗਿੱਲ, ਜਗਰੂਪ ਸਿੰਘ ਖੇੜਾ, ਜਤਿੰਦਰਪਾਲ ਸਿੰਘ ਗਿੱਲ ਅਤੇ ਕੇਸਰ ਸਿੰਘ ਕੂਨਰ ਆਦਿ ਵੀ ਹਾਜ਼ਰ ਸਨ।

# ਪੀ.ਸੀ.ਐੱਚ.ਐੱਸ. ਵੱਲੋਂ ਆਪਣੇ ਸੀਨੀਅਰਜ਼ ਗਰੁੱਪਾਂ ਦਾ ਕਰੂਜ਼ ਟੂਰ ਪੈਂਟਾਗੁਇਸ਼ੀਨ ਲਿਜਾਇਆ ਗਿਆ

## ਮੈਂਬਰਾਂ ਨੇ ਕਰੂਜ਼ 'ਤੇ 30,000 ਆਈਲੈਂਡਜ਼ ਦੇ ਮਨਮੋਹਕ ਨਜ਼ਾਰਿਆਂ ਦਾ ਅਨੰਦ ਮਾਣਿਆ



ਬਰੈਂਪਟਨ, (ਡਾ. ਝੰਡ) - ਲੰਘੇ ਵੀਰਵਾਰ 25 ਜੁਲਾਈ ਨੂੰ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ (ਪੀ.ਸੀ.ਐੱਚ.ਐੱਸ.) ਵੱਲੋਂ ਆਪਣੇ ਚੱਲ ਰਹੇ ਵੱਖ-ਵੱਖ ਸੀਨੀਅਰਜ਼ ਗਰੁੱਪਾਂ ਦੇ ਮੈਂਬਰਾਂ ਦਾ ਇਕ ਟੂਰ ਉੱਤਰ ਵੱਲ ਬੈਰੀ ਤੋਂ ਅੱਗੇ ਪੈਂਦੇ ਸ਼ਹਿਰ ਪੈਂਟਾਗੁਇਸ਼ੀਨ ਲਿਜਾਇਆ ਗਿਆ। ਉੱਥੇ ਮੈਂਬਰਾਂ ਨੇ ਕਰੂਜ਼ 'ਤੇ 30,000 ਆਈਲੈਂਡਜ਼ ਦੇ ਮਨਮੋਹਕ ਮੰਜ਼ਰ ਨੂੰ ਖ਼ੂਬ ਮਾਣਿਆ। ਟੂਰ 'ਤੇ ਜਾਣ ਵਾਲੇ ਸਾਰੇ ਮੈਂਬਰ ਸਵੇਰੇ 9.00 ਵਜੇ ਪੀ.ਸੀ.ਐੱਚ.ਐੱਸ. ਦੇ ਮੁੱਖ-ਦਫ਼ਤਰ 50 ਸੰਨੀਮੈਡੋ ਪਲਾਜ਼ੇ ਦੀ ਪਾਰਕਿੰਗ ਵਿਚ ਪਹੁੰਚ ਗਏ। ਪ੍ਰਬੰਧਕੀ ਸਟਾਫ਼ ਵੱਲੋਂ ਫ਼ਰੂਟ, ਸਨੈਕਸ ਤੇ ਪਾਣੀ ਦੀ ਬੋਤਲਾਂ ਵਾਲੇ ਪੈਕਟ ਮੈਂਬਰਾਂ ਦੇ ਹਵਾਲੇ ਕਰ ਦਿੱਤੇ ਗਏ ਜੋ ਉਨ੍ਹਾਂ ਨੇ ਬੱਸਾਂ ਵਿਚ ਬੈਠੇ ਬੈਠੇ ਹੀ ਅੱਧ-ਪਚੱਧੇ ਵਿਹਲੇ ਕਰ ਦਿੱਤੇ ਤੇ ਬਾਕੀ ਬਚਦੇ ਰਸਤੇ ਦੇ ਸਫ਼ਰ ਲਈ ਰੱਖ ਲਏ। ਉਪਰੰਤ, 10.15 ਵਜੇ ਸਾਰੇ ਮੈਂਬਰ ਤਿੰਨ ਡੀਲਕਸ ਬੱਸਾਂ ਵਿਚ ਸਵਾਰ ਹੋ ਕੇ ਪੈਂਟਾਗੁਇਸ਼ੀਨ ਹਾਰਬਰ ਵੱਲ ਚੱਲ ਪਏ। ਹਰੇਕ ਬੱਸ ਵਿਚ ਸਟਾਫ਼ ਦੇ ਦੋ- ਦੋ, ਤਿੰਨ-ਤਿੰਨ ਮੈਂਬਰ ਨਾਲ ਬੈਠੇ ਸਨ। ਰਸਤੇ ਵਿਚ ਹਰਿਆਵਲ ਭਰੇ ਕੁਦਰਤੀ ਨਜ਼ਾਰਿਆਂ ਦੇ ਦਰਸ਼ਨ ਕਰਵਾਉਂਦੀਆਂ ਹੋਈਆਂ ਬੱਸਾਂ ਸਾਢੇ ਬਾਰਾਂ ਵਜੇ ਪੈਂਟਾਗੁਇਸ਼ੀਨ ਹਾਰਬਰ 'ਤੇ ਪਹੁੰਚ ਗਈਆਂ ਜਿੱਥੋਂ 'ਕਰੂਜ਼' ਨੇ ਬਾਅਦ ਦੁਪਹਿਰ 2.00 ਚੱਲਣਾ ਸੀ। ਉੱਥੇ ਖੜੇ ਇੱਕ ਹੋਰ ਕਰੂਜ਼ ਵਿਚ ਬੈਠ ਕੇ ਮੈਂਬਰਾਂ ਨੇ ਆਪਣੇ ਨਾਲ ਲਿਆਂਦਾ ਹੋਇਆ ਤਰ੍ਹਾਂ-ਤਰ੍ਹਾਂ ਦਾ ਭੋਜਨ ਰਲ਼-ਮਿਲ਼ ਕੇ ਛਕਿਆ। ਸਵੀਟ-ਡਿਸ਼ ਵਿਚ ਕੜਾਹ-ਪ੍ਰਸ਼ਾਦ ਤੇ ਪੀਲ਼ੇ ਮਿੱਠੇ ਚੌਲ (ਜਰਦਾ) ਵੰਡ-ਵਰਤ ਕੇ ਛਕਿਆ ਗਿਆ। ਇਹ ਸਾਰਾ ਕੁਝ 'ਸਾਂਝੇ ਲੰਗਰ' ਦਾ ਖ਼ੂਬਸੂਰਤ ਦ੍ਰਿਸ਼ ਪੇਸ਼ ਕਰ ਰਿਹਾ ਸੀ। ਬਾਅਦ ਦੁਪਹਿਰ 1.30 ਵਜੇ ਚੱਲਣ ਵਾਲੇ ਦੂਸਰੇ 'ਕਰੂਜ਼' (ਮਿੰਨੀ ਜਹਾਜ਼) ਵਿਚ 'ਬੋਰਡਿੰਗ' ਆਰੰਭ ਹੋ ਗਈ। ਕਈ ਮੈਂਬਰ ਇਸ ਦੇ ਅੰਦਰ ਤੇ ਬਾਕੀ ਇਸ ਦੀ ਉੱਪਰਲੀ ਛੱਤ 'ਤੇ ਡਿੱਠੀਆਂ ਕੁਰਸੀਆਂ ਅਤੇ ਬੈਂਚਾਂ ਉੱਪਰ ਬੈਠ ਗਏ। ਸਵਾ ਦੋ ਵਜੇ ਕਰੂਜ਼ ਦਾ ਹਾਰਨ ਵੱਜਿਆ ਤੇ ਇਹ ਮਿੰਨੀ-ਜਹਾਜ਼ 'ਹੁਰੋਨ ਲੇਕ' ਦੇ ਸਵੱਛ ਪਾਣੀ ਵਿਚ ਮਜ਼ੇ-ਮਜ਼ੇ ਠਿੱਲ੍ਹ ਪਿਆ। ਨਾਲ ਹੀ ਕੈਪਟਨ ਨੇ ਸਪੀਕਰ 'ਤੇ ਕੁਮੈਂਟਰੀ ਆਰੰਭ ਕਰ ਲਈ। ਉਹ ਹਾਈਲੈਂਡ ਪੁਆਇੰਟ ਤੋਂ ਸ਼ੁਰੂ ਹੋ ਕੇ ਰਸਤੇ ਵਿਚ ਆਈ ਡਿਸਕਵਰੀ ਹਾਰਬਰ, ਪੈਂਟਾਗੁਇਸ਼ੀਨ ਬੀਚ, ਪੀਕਆਬੂ ਪੁਆਇੰਟ, ਆਦਿ ਥਾਵਾਂ ਬਾਰੇ ਦੱਸਦਾ ਹੋਇਆ ਅੱਗੇ ਆ ਰਹੇ ਵੱਖ-ਵੱਖ ਆਈਲੈਂਡਜ਼ ਦੇ ਨਾਵਾਂ ਤੇ ਉਨ੍ਹਾਂ ਦੀ ਮਹੱਤਤਾ ਬਿਆਨ ਕਰਦਾ ਗਿਆ। ਉਸ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਆਈਲੈਂਡਜ਼ 'ਤੇ ਕਬਜ਼ੇ ਲਈ 1828 ਵਿਚ ਬ੍ਰਿਟਿਸ਼ ਅਤੇ ਅਮਰੀਕਨ ਫ਼ੌਜਾਂ ਵਿਚਕਾਰ ਗਹਿਗੱਚ ਲੜਾਈ ਹੋਈ ਸੀ। ਕਰੂਜ਼ ਦੇ ਇਸ ਸਫ਼ਰ ਦੇ ਆਰੰਭ ਵਿਚ ਪਹਿਲਾਂ ਤਾਂ ਕਈ ਖ਼ੁਸ਼ਕ ਜਿਹੇ ਛੋਟੇ-ਛੋਟੇ ਆਈਲੈਂਡ ਹੀ ਆਏ ਜਿਨ੍ਹਾਂ ਉੱਪਰ ਹਰਿਆਵਲ ਨਾਂ-ਮਾਤਰ ਹੀ ਸੀ ਪਰ ਅੱਧੇ ਕੁ ਘੰਟੇ ਬਾਅਦ ਹਰੇ-ਭਰੇ ਵੱਡੇ ਆਈਲੈਂਡ ਵੀ ਆਉਣੇ ਸ਼ੁਰੂ ਹੋ ਗਏ ਜਿਨ੍ਹਾਂ ਵਿੱਚੋਂ ਕਈਆਂ ਉੱਪਰ ਖ਼ੂਬਸੂਰਤ ਘਰ ਵੀ ਬਣੇ ਹੋਏ ਸਨ। ਚਾਰ ਚੁਫੇਰੇ ਪਾਣੀ ਵਿਚ ਘਿਰੇ ਹੋਏ ਇਨ੍ਹਾਂ ਘਰਾਂ ਵਿਚ ਜੀਵਨ ਦੀ ਪੂਰੀ ਝਲਕ ਵਿਖਾਈ ਦੇ ਰਹੀ ਸੀ। ਇਨ੍ਹਾਂ ਟਾਪੂਆਂ ਵਿਚ ਰਹਿਣ ਵਾਲੇ ਛੋਟੇ-ਛੋਟੇ ਬੱਚੇ ਕਰੂਜ਼ ਦੇ ਮੈਂਬਰਾਂ ਦਾ ਹੱਥ ਹਿਲਾ-ਹਿਲਾ ਕੇ ਸੁਆਗ਼ਤ ਕਰ ਰਹੇ ਸਨ। ਅੱਗੋਂ ਉਨ੍ਹਾਂ ਨੂੰ ਵੀ ਕਰੂਜ਼ ਦੇ ਮੁਸਾਫ਼ਰਾਂ ਵੱਲੋਂ ਇਸ ਦਾ ਭਰਪੂਰ ਹੁੰਗਾਰਾ ਮਿਲ ਰਿਹਾ ਸੀ ਅਤੇ ਉਹ ਬੜੇ ਖ਼ੁਸ਼ ਨਜ਼ਰ ਆ ਰਹੇ ਸਨ। ਇਨ੍ਹਾਂ ਆਈਲੈਂਡਜ਼ 'ਤੇ ਰਹਿਣ ਵਾਲਿਆਂ ਨੇ ਆਪਣੀਆਂ ਮੋਟਰਬੋਟਸ ਰੱਖੀਆਂ ਹੋਈਆਂ ਸਨ ਜੋ ਉਨ੍ਹਾਂ ਦੇ ਆਉਣ-ਜਾਣ ਦਾ ਇੱਕ-ਮਾਤਰ ਸਾਧਨ ਸੀ। ਕਈ ਘਰ ਤਾਂ ਕਾਫ਼ੀ ਵੱਡੇ ਲੱਗ ਰਹੇ ਸਨ। ਹੋ ਸਕਦਾ ਹੈ ਉਨ੍ਹਾਂ ਵਿਚ ਇਕ ਤੋਂ ਵਧੇਰੇ ਪਰਿਵਾਰ ਵੀ ਰਹਿੰਦੇ ਹੋਣ। ਆਪਣੀ ਕੁਮੈਂਟਰੀ ਦੌਰਾਨ ਕਰੂਜ਼ ਦਾ ਕੈਪਟਨ ਦੱਸ ਰਿਹਾ ਸੀ ਕਿ ਇਸ ਝੀਲ ਜੋ ਪੈਰੀ ਸਾਊਂਡ ਵਾਲੀ ਵੱਡੀ ਝੀਲ ਨਾਲ ਜਾ ਮਿਲਦੀ ਹੈ, ਦੇ ਵਿਚ 30,000 ਦੇ ਲੱਗਭੱਗ ਅਜਿਹੇ ਵੱਡੇ-ਛੋਟੇ ਆਈਲੈਂਡਜ਼ ਹਨ। ਕੁਦਰਤ ਦਾ ਵਰਤਾਰਾ ਤੇ 'ਖਿਲਾਰਾ' ਸਾਹਮਣੇ ਸਾਫ਼ ਦਿਖਾਈ ਦੇ ਰਿਹਾ ਸੀ। ਧਰਤੀ ਦੇ ਰੂਪ ਵਿਚ ਸੂਰਜ ਨਾਲੋਂ ਵੱਖ ਹੋਇਆ ਇਹ ਵੱਡਾ ਟੁਕੜਾ ਅੱਗੋਂ ਕਿੰਨੇ ਵੱਡੇ ਤੇ ਛੋਟੇ ਟੁਕੜਿਆਂ ਵਿਚ ਵੰਡਿਆ ਗਿਆ ਹੋਵੇਗਾ। ਨਤੀਜੇ ਵਜੋਂ, ਪੰਜ ਵੱਡੇ 'ਮਹਾਂ-ਦੀਪ' ਹੋਂਦ ਵਿਚ ਆਏ ਅਤੇ ਕਈ ਹੋਰ ਛੋਟੇ-ਛੋਟੇ ਟੁਕੜੇ ਏਧਰ ਓਧਰ ਖਿਲਰ ਕੇ ਛੋਟੇ-ਵੱਡੇ 'ਟਾਪੂ' ਬਣ ਗਏ ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਨਹੀਂ, ਸਗੋਂ ਲੱਖਾਂ ਵਿਚ ਹੈ। ਇਨ੍ਹਾਂ ਵਿੱਚੋਂ 30,000 ਤਾਂ ਇੱਥੇ ਇਸ ਲੇਕ ਵਿਚ ਹੀ ਸੁਣੀਂਦੇ ਹਨ ਤੇ ਅੱਜ ਪੀ.ਸੀ.ਐੱਚ.ਐੱਸ. ਦੇ ਮੈਂਬਰ ਇਨ੍ਹਾਂ ਨੂੰ ਆਪਣੇ ਅੱਖੀਂ ਵੇਖ ਰਹੇ ਸਨ। ਚਾਰੇ ਪਾਸਿਉਂ ਪਾਣੀ ਨਾਲ ਘਿਰੇ ਹੋਏ ਇਹ ਛੋਟੇ-ਛੋਟੇ ਟਾਪੂ ਬੜੇ ਖ਼ੂਬਸੂਰਤ ਲੱਗ ਰਹੇ ਸਨ ਅਤੇ ਕਰੂਜ਼ ਵਿਚ ਸਵਾਰ ਮੈਂਬਰ ਇਨ੍ਹਾਂ ਦੇ ਖ਼ੂਬਸੂਰਤ ਨਜ਼ਾਰਿਆਂ ਨੂੰ ਤਸਵੀਰਾਂ ਦੇ ਰੂਪ ਵਿਚ ਆਪਣੇ ਸੈੱਲਫ਼ੋਨਾਂ ਵਿਚ ਕੈਦ ਕਰ ਰਹੇ ਸਨ ਤਾਂ ਜੋ ਇਨ੍ਹਾਂ ਨੂੰ ਬਾਅਦ ਵਿਚ ਵੀ ਮਾਣਿਆ ਜਾ ਸਕੇ। ਲੱਗਭੱਗ ਤਿੰਨ ਘੰਟਿਆਂ ਦਾ ਚੱਕਰ ਲਗਾ ਕੇ ਇਹ ਕਰੂਜ਼ ਇਕ ਲੰਬਾ ਚੱਕਰ ਕੱਟ ਕੇ ਦੂਸਰੇ ਰੂਟ ਰਾਹੀਂ ਆਪਣੇ ਚੱਲਣ ਵਾਲੀ ਜਗ੍ਹਾ ਵੱਲ ਵੱਧਣ ਲੱਗਾ ਜਿਸ ਵਿਚ ਕਈ ਹੋਰ ਦਿਲਚਸਪ ਆਈਲੈਂਡਜ਼ ਆਏ। ਇਨ੍ਹਾਂ ਵਿਚ ਰਹਿੰਦੇ ਘਰਾਂ ਵਾਲਿਆਂ ਨੇ ਆਪਣੀਆਂ ਮੋਟਰ-ਬੋਟਸ ਲਈ ਬਾਕਾਇਦਾ ਗੈਰਾਜਾਂ ਬਣਾਈਆਂ ਹੋਈਆਂ ਸਨ। ਸਰਦੀਆਂ ਵਿਚ ਬਰਫ਼ ਦਾ ਸੀਜ਼ਨ ਸ਼ੁਰੂ ਹੋਣ 'ਤੇ ਉਹ ਆਪਣੀਆਂ ਬੋਟਸ ਨੂੰ ਇਨ੍ਹਾਂ ਵਿਚ ਬੰਦ ਕਰਕੇ ਸ਼ਹਿਰ ਵਿਚਲੀਆਂ ਥਾਵਾਂ 'ਤੇ ਆ ਜਾਂਦੇ ਹੋਣਗੇ। ਰਸਤੇ ਵਿਚ ਕੈਪਟਨ ਨੇ ਕਰੂਜ਼ ਨੂੰ ਇਕ ਪਾਸੇ ਪੈਂਦੇ ਲੇਕ ਦੇ ਕੰਢੇ ਖੜੇ ਇਕ ਪੁਰਾਣੇ 'ਬਾਦਬਾਨਾਂ ਵਾਲੇ ਛੋਟੇ ਜਹਾਜ਼' ਵੱਲ ਮੋੜ ਲਿਆ ਤਾਂ ਜੋ ਦਰਸ਼ਕ ਇਸ ਇਤਿਹਾਸਕ ਜਹਾਜ਼ ਨੂੰ ਨੇੜਿਉਂ ਤੱਕ ਸਕਣ। ਹਾਰਬਰ ਵਾਪਸ ਆ ਕੇ ਸਾਰੇ ਮੈਂਬਰ ਬੱਸਾਂ ਵਿਚ ਸਵਾਰ ਹੋ ਕੇ ਸ਼ਾਮ ਦੇ ਸਾਢੇ ਸੱਤ ਵਜੇ ਟੂਰ ਦੀ ਸ਼ੁਰੂਆਤ ਵਾਲੀ ਜਗ੍ਹਾ 50 ਸੰਨੀਮੈਡੋ ਪਹੁੰਚੇ ਅਤੇ ਆਪੋ-ਆਪਣੇ ਵਸੀਲਿਆਂ ਰਾਹੀ ਘਰਾਂ ਨੂੰ ਵਾਪਸੀ ਕੀਤੀ। ਜਾਣ ਤੋਂ ਪਹਿਲਾਂ ਉਨ੍ਹਾਂ ਵੱਲੋਂ ਪੀ.ਸੀ.ਐੱਚ.ਐੱਸ. ਦੇ ਸਟਾਫ਼-ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਏਨੇ ਖ਼ੂਬਸੂਰਤ ਕਰੂਜ਼-ਟੂਰ ਦਾ ਵਧੀਆ ਪ੍ਰਬੰਧ ਕੀਤਾ। ਪੈਂਟਾਗੁਇਸ਼ੀਨ ਦਾ ਇਹ ਦਿਲਚਸਪ ਕਰੂਜ਼ ਟੂਰ ਮੈਂਬਰਾਂ ਦੇ ਚੇਤਿਆਂ 'ਚ ਦੇਰ ਤੱਕ ਤਾਜ਼ਾ ਯਾਦ ਬਣਿਆ ਰਹੇਗਾ।

# ਬਰੈਂਪਟਨ ਸੀਨੀਅਰ ਵੂਮੈਨ ਕਲੱਬ ਵੱਲੋਂ ਨਿਆਗਰਾ ਆਨ ਦਾ ਲੇਕ ਦਾ ਟੂਰ



27 ਜੁਲਾਈ, ਦਿਨ ਸ਼ਨਿਚਰਵਾਰ ਨੂੰ ਕੁਲਦੀਪ ਕੌਰ ਗਰੇਵਾਲ,ਪ੍ਰਧਾਨ, ਸ਼ਿੰਦਰਪਾਲ ਬਰਾੜ ਮੀਤ ਪ੍ਰਧਾਨ, ਇੰਦਰਜੀਤ ਢਿਲੋਂ, ਹਰਦੀਪ ਹਲਨ, ਅਵਤਾਰ ਰਾਏ ਡਾਇਰੈਕਟਰਜ਼ ਦੀ ਅਗਵਾਈ ਹੇਠ ਵੂਮੈਨ ਦਾ ਨਿਆਗਰਾ ਆਨ ਦਾ ਲੇਕ ਦਾ ਟੂਰ ਕਰਵਾਇਆ ਗਿਆ। ਬੱਸ ਸਵੇਰੇ 9 ਵਜੇ ਚੱਲਕੇ ਸ਼ਾਮ ਨੂੰ 8:00 ਵਜੇ ਵਾਪਿਸ ਆਈ। ਸਾਰੀਆਂ ਔਰਤਾਂ ਨੇ ਬੱਸ ਵਿੱਚ ਗੀਤਾਂ ਤੇ ਬੋਲੀਆਂ ਨਾਲ ਪੂਰਾ ਮਨੋਰੰਜਨ ਕੀਤਾ। ਬੱਸ ਵਿੱਚ ਕਲੱਬ ਵੱਲੋਂ ਸਨੈਕਸ ਵੀ ਵਰਤਾਏ ਗਏ। ਇਹ ਟੂਰ ਬਹੁਤ ਹੀ ਸਫਲ ਰਿਹਾ ਅਤੇ ਸਭਨੇ ਪੂਰਾ ਪੂਰਾ ਆਨੰਦ ਮਾਣਿਆ। ਇਸ ਕਲੱਬ ਵਲੋਂ ਔਰਤਾਂ ਦੇ ਮਨੋਰੰਜਨ ਲਈ ਇਸ ਤਰ੍ਹਾਂ ਦੇ ਉਪਰਾਲੇ ਗਾਹੇ ਵਗਾਹੇ ਹਰ ਸਾਲ ਗਰਮੀਆਂ ਚ ਕੀਤੇ ਜਾਂਦੇ ਹਨ।

# ਅਮਰੀਕਾ ਵਿਖੇ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

ਅਮਰੀਕਾ ਤੋਂ ਇੱਕ ਮੰਦਭਾਗੀ ਖਬਰ ਸਾਹਮਣੇ ਆਈ ਹੈ। ਇੱਥੇ ਵਾਪਰੇ ਸੜਕ ਹਾਦਸੇ ਵਿੱਚ ਗੁਰਦਾਸਪੁਰ ਦੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਇੱਕ ਨੌਜਵਾਨ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਛਾਣ ਮਲਕੀਤ ਸਿੰਘ ਪੁੱਤਰ ਸੁਲੱਖਣ ਸਿੰਘ ਵਜੋਂ ਹੋਈ ਹੈ। ਮਲਕੀਤ ਸਿੰਘ ਵਿਆਇਆ ਹੋਇਆ ਸੀ ਅਤੇ 2 ਬੱਚਿਆਂ ਦਾ ਪਿਤਾ ਸੀ, ਜਿਨ੍ਹਾਂ ਦੇ ਸਰ 'ਤੋਂ ਹੁਣ ਪਿਓ ਦਾ ਸਾਇਆ ਉੱਠ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਮਲਕੀਤ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਸ੍ਰੀ ਹਰਗੋਬਿੰਦਪੁਰ ਸਾਹਿਬ ਕੁਝ ਸਮਾਂ ਪਹਿਲਾਂ ਘਰ-ਬਾਰ ਵੇਚ ਕੇ ਰੋਜੀ ਰੋਟੀ ਕਮਾਉਣ ਅਤੇ ਚੰਗੇ ਦਿਨਾਂ ਦੀ ਆਸ ਵਿੱਚ ਅਮਰੀਕਾ ਗਿਆ ਸੀ ਪਰ ਪਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਬੀਤੇ ਦਿਨ ਮਲਕੀਤ ਸਿੰਘ ਦੀ ਇਕ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist Call for Consultation 416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਮੌਤ ਜਾਂ ਜ਼ਿੰਦਗੀ ! (ਕਹਾਣੀ)

ਹੋਰ ਮੈਨੂੰ ਕੁਝ ਵੀ ਯਾਦ ਨਹੀਂ, ਸਿਵਾਏ ਇਸ ਤੋਂ ਕਿ ਗੱਡੀ ਸਟੇਸ਼ਨ ਤੋਂ ਚੱਲ ਪਈ ਸੀ। ਮੈਂ ਦਰਵਾਜ਼ੇ ਕੋਲ ਖੜ੍ਹਾ ਸਾਂ। ਬੜੀ ਹੀ ਮਨਮੋਹਕ ਹਵਾ ਚੱਲ ਰਹੀ ਸੀ। ਦੂਰ-ਦੂਰ ਤੱਕ ਹਨੇਰਾ ਛਾਇਆ ਹੋਇਆ ਸੀ ਅਤੇ ਉਸ ਵਿਚ ਦੂਰ ਚਮਕਣ ਵਾਲੇ ਬਿਜਲੀ ਦੇ ਬਲਬ ਹਨੇਰੇ ਜੰਗਲ ਵਿਚ ਜੁਗਨੂੰਆਂ ਦੇ ਚਮਕਣ ਦਾ ਅਨੁਭਵ ਕਰਾ ਰਹੇ ਸਨ। ਹੇਠਾਂ ਚਾਰੇ ਪਾਸੇ ਪਟੜੀਆਂ ਵਿਛੀਆਂ ਸਨ। ਗੱਡੀ ਦੇ ਪਹੀਏ ਉਨ੍ਹਾਂ 'ਤੇ ਦੌੜ ਰਹੇ ਸਨ। ਮਨ ਵਿਚ ਕੋਈ ਵਿਚਾਰ ਨਹੀਂ ਸਨ। ਮੈਨੂੰ ਯਾਦ ਨਹੀਂ ਕਿ ਉਦੋਂ ਮੈਂ ਕੋਈ ਖ਼ਾਸ ਗੱਲ ਸੋਚ ਰਿਹਾ ਸਾਂ- ਸ਼ਾਇਦ ਕੁਝ ਵੀ ਨਹੀਂ ਸੋਚ ਰਿਹਾ ਸਾਂ। ਫੇਰ ਪਤਾ ਨਹੀਂ ਕੀ ਹੋਇਆ? ਮਨ ਵਿਚ ਕੁਝ ਮਸਤੀ ਜਿਹੀ ਭਰਨ ਲੱਗੀ, ਜਿਵੇਂ ਨੀਂਦ ਆ ਰਹੀ ਹੋਵੇ। ਫਿਰ ਝਟਕਾ ਜਿਹਾ ਵੱਜਿਆ। ਦਰਵਾਜ਼ੇ 'ਤੇ ਲੱਗੇ ਲੋਹੇ ਦੇ ਹੈਂਡਲ ਤੋਂ ਮੇਰੇ ਸੱਜੇ ਹੱਥ ਦਾ ਸੰਪਰਕ ਟੁੱਟ ਗਿਆ। ਦਿਲ ਇਕ ਵਾਰ ਭਿਆਨਕ ਡਰ ਨਾਲ ਧੜਕਿਆ... ਅੱਖਾਂ ਬੰਦ ਹੋ ਗਈਆਂ... ਪੈਰ ਕੰਬ ਉੱਠੇ... ਹੋਰ ਮੈਨੂੰ ਕੁਝ ਯਾਦ ਨਹੀਂ।

ਹੁਣ ਮੈਂ ਖ਼ੁਦ ਨੂੰ ਚਾਰੇ ਪਾਸਿਓਂ ਸਕੇ-ਸਬੰਧੀਆਂ ਨਾਲ ਘਿਰਿਆ ਵੇਖਦਾ ਹਾਂ। ਮੈਂ ਪਲੰਘ 'ਤੇ ਲੇਟਿਆ ਹੋਇਆ ਹਾਂ। ਮੇਰਾ ਸਰੀਰ ਛਾਤੀ ਤੱਕ ਸਫ਼ੈਦ ਚਾਦਰ ਨਾਲ ਢਕਿਆ ਹੋਇਆ ਹੈ। ਇਹ ਕੌਣ ਹੈ ਜੋ ਮੇਰੀ ਨਬਜ਼ ਵੇਖ ਰਿਹਾ ਹੈ? ...ਹੈਂ, ਇਹ ਡਾਕਟਰ ਹੈ। ਮੈਂ ਹਸਪਤਾਲ ਵਿਚ ਹਾਂ। ਪਰ ਮੈਂ ਹਸਪਤਾਲ ਵਿਚ ਕਿਉਂ ਹਾਂ? ਹੌਲੀ-ਹੌਲੀ ਮੈਨੂੰ ਉਹ ਕਾਲੀ ਰਾਤ ਯਾਦ ਆ ਰਹੀ ਹੈ, ਜਦੋਂ ਮੈਂ ਗੱਡੀ ਦੇ ਦਰਵਾਜ਼ੇ 'ਤੇ ਖੜ੍ਹਾ ਸਾਂ ਅਤੇ ਗੱਡੀ ਖੜਖੜ ਕਰਦੀ ਦੌੜੀ ਜਾ ਰਹੀ ਸੀ। ਫੇਰ ਮੇਰਾ ਹੱਥ ਹਿੱਲਿਆ ਸੀ, ਮੇਰੇ ਪੈਰ ਡਗਮਗਾਏ ਸਨ, ਮੇਰੀਆਂ ਅੱਖਾਂ ਬੰਦ ਜਿਹੀਆਂ ਹੋ ਗਈਆਂ ਸਨ। ਸ਼ਾਇਦ ਮੈਂ ਚਲਦੀ ਗੱਡੀ 'ਚੋਂ ਡਿੱਗ ਪਿਆ ਸਾਂ, ਉਸੇ ਦਾ ਨਤੀਜਾ ਹੈ ਕਿ ਮੈਂ ਹਸਪਤਾਲ ਵਿਚ ਹਾਂ।

ਸੱਜੇ ਪਾਸੇ ਮੇਰੀ ਮੰਮੀ ਸਟੂਲ 'ਤੇ ਬੈਠੀ ਮੇਰੇ ਮੱਥੇ 'ਤੇ ਹੱਥ ਫੇਰ ਰਹੀ ਹੈ। ਉਹਦਾ ਮੂੰਹ ਇਉਂ ਕੁਮਲਾਇਆ ਹੋਇਆ ਹੈ, ਜਿਵੇਂ ਕਈ ਦਿਨਾਂ ਤੋਂ ਸੁੱਤੀ ਨਾ ਹੋਵੇ। ਸਾਹਮਣੇ ਪਿਤਾ ਜੀ ਖੜ੍ਹੇ ਡਾਕਟਰ ਨਾਲ ਹੌਲੀ-ਹੌਲੀ ਕੁਝ ਗੱਲਾਂ ਕਰ ਰਹੇ ਹਨ। ਖੱਬੇ ਪਾਸੇ ਬੈਠਾ ਜਗਦੀਪ ਟਿਕਟਿਕੀ ਲਾ ਕੇ ਮੇਰੇ ਵੱਲ ਵੇਖ ਰਿਹਾ ਹੈ। ਦੋ ਛੋਟੀਆਂ ਭੈਣਾਂ ਸਹਿਮੀਆਂ ਹੋਈਆਂ ਸਾਹਮਣੇ ਖੜ੍ਹੀਆਂ ਹਨ।

ਮੈਂ ਸੋਚਿਆ, ਆਖ਼ਰ ਮੈਨੂੰ ਕੀ ਹੋਇਆ ਹੈ? ਚਲਦੀ ਰੇਲਗੱਡੀ 'ਚੋਂ ਡਿੱਗ ਕੇ ਮੈਂ ਬਚ ਗਿਆ ਹਾਂ। ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਹੈ! ਫਿਰ ਮਾਂ ਕਿਉਂ ਰੋ ਰਹੀ ਹੈ? ਇਨ੍ਹਾਂ ਸਾਰਿਆਂ ਦੇ ਚਿਹਰੇ ਕਿਉਂ ਮੁਰਝਾਏ ਹੋਏ ਹਨ? ਮੇਰੇ ਸੱਜੇ ਮੋਢੇ 'ਤੇ ਪੱਟੀ ਕਿਉਂ ਬੰਨ੍ਹੀ ਹੋਈ ਹੈ?

ਨਰਸ ਆਈ। ਮੇਰਾ ਥੋੜ੍ਹਾ ਜਿਹਾ ਸਿਰ ਚੁੱਕ ਕੇ ਦਵਾਈ ਪਿਆ ਗਈ। ਪਰ ਇੰਨਾ ਕੁ ਹਿੱਲਣ-ਜੁੱਲਣ ਨਾਲ ਹੀ ਮੇਰਾ ਸਾਰਾ ਜਿਸਮ ਦਰਦ ਨਾਲ ਕਰਾਹ ਉੱਠਿਆ।

ਅਗਲੇ ਦਿਨ ਸਵੇਰੇ ਹੀ ਡਾਕਟਰ ਮੇਰੇ ਸਿਰਹਾਣੇ ਆ ਬੈਠਾ। ਪਿਤਾ ਜੀ ਵੀ ਮੈਨੂੰ ਦੁੱਧ ਪਿਆ ਕੇ ਕੋਲ ਬਹਿ ਗਏ। ਡਾਕਟਰ ਬੋਲਿਆ, ''ਨਰਿੰਦਰ, ਬਹੁਤ ਵੱਡੀ ਦੁਰਘਟਨਾ ਪਿੱਛੋਂ ਤੂੰ ਬਚ ਗਿਆ ਹੈਂ!''

ਮੈਂ ਕਿਹਾ, ''ਹਾਂ ਡਾਕਟਰ ਸਾਹਿਬ, ਬਚ ਤਾਂ ਗਿਆ ਹਾਂ।'' ਪਿਤਾ ਜੀ ਨੇ ਪੁੱਛਿਆ, ''ਨਰਿੰਦਰ, ਤੈਨੂੰ ਕੁਝ ਯਾਦ ਹੈ ਕਿ ਤੂੰ ਕਿਵੇਂ ਡਿੱਗ ਪਿਆ!'' ਮੈਂ ਕਿਹਾ, ''ਪਿਤਾ ਜੀ, ਮੈਨੂੰ ਸਿਰਫ਼ ਇੰਨਾ ਯਾਦ ਹੈ ਕਿ ਗੱਡੀ ਜਦੋਂ ਸਟੇਸ਼ਨ ਤੋਂ ਚੱਲੀ ਸੀ, ਮੈਂ ਦਰਵਾਜ਼ੇ ਕੋਲ ਖੜ੍ਹਾ ਸਾਂ।'' ਫਿਰ ਡਾਕਟਰ ਸਾਹਿਬ ਬੋਲੇ, ''ਪਰਮਾਤਮਾ ਦੀ ਸ੍ਰਿਸ਼ਟੀ ਵਚਿੱਤਰਤਾਵਾਂ ਅਤੇ ਵਿਲੱਖਣਤਾਵਾਂ ਨਾਲ ਭਰੀ ਹੋਈ ਹੈ। ਸੰਸਾਰ ਵਿਚ ਜੇ ਸਾਰੇ ਆਦਮੀ ਇਕੋ ਜਿਹੇ ਹੋਣ, ਸਾਰੇ ਆਨੰਦ ਨਾਲ ਭਰੇ ਹੋਣ ਤਾਂ ਸ਼ਾਇਦ ਸੰਸਾਰ ਦੀ ਸੁੰਦਰਤਾ ਖ਼ਤਮ ਹੋ ਜਾਵੇ! ਦੁੱਖ ਅਤੇ ਦਰਦ ਦਾ ਹਿੰਮਤ ਨਾਲ ਸਾਹਮਣਾ ਕਰਨਾ ਹੀ ਮਨੁੱਖ ਦਾ ਫ਼ਰਜ਼ ਹੈ, ਕਿਉਂ ਨਰਿੰਦਰ?''

ਮੈਂ ਸਮਝ ਗਿਆ ਕਿ ਡਾਕਟਰ ਸਾਹਿਬ ਮੈਨੂੰ ਧੀਰਜ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਈ।

ਡਾਕਟਰ ਸਾਹਿਬ ਇਕ ਮੈਗਜ਼ੀਨ ਦੇ ਪੰਨੇ ਪਲਟਦੇ ਹੋਏ ਪਿਤਾ ਜੀ ਨੂੰ ਕਹਿ ਰਹੇ ਸਨ, ''ਵਿਗਿਆਨ ਨੇ ਕਿੰਨੀ ਤਰੱਕੀ ਕਰ ਲਈ ਹੈ! ਉਹ ਦਿਨ ਦੂਰ ਨਹੀਂ ਜਦੋਂ ਡਾਕਟਰੀ ਵਿਗਿਆਨ ਸੰਸਾਰ ਵਿਚ ਨਾ ਕੋਈ ਅੰਨ੍ਹਾ ਰਹਿਣ ਦੇਵੇਗਾ, ਨਾ ਲੂਲ੍ਹਾ-ਲੰਗੜਾ।'' ਫਿਰ ਡਾਕਟਰ ਸਾਹਿਬ ਮੇਰੇ ਵੱਲ ਮੂੰਹ ਕਰਕੇ ਬੋਲੇ, ''ਨਰਿੰਦਰ, ਜਿਵੇਂ ਤੇਰੀ ਦੁਰਘਟਨਾ ਹੋਈ, ਉਹੋ ਜਿਹੀ ਦੁਰਘਟਨਾ ਵਿਚ ਜੇ ਕਿਸੇ ਦੇ ਦੋਵੇਂ ਹੱਥ ਕੱਟੇ ਜਾਂਦੇ ਤਾਂ ਉਹ ਕੀ ਕਰਦਾ? ਧੀਰਜ ਹੀ ਤਾਂ ਕਰਦਾ, ਰੱਬ ਦੀ ਮਰਜ਼ੀ ਸਮਝ ਕੇ ਉਹਨੂੰ ਸਬਰ ਹੀ ਤਾਂ ਕਰਨਾ ਪੈਂਦਾ!''

ਮੈਂ ਕੰਬ ਉੱਠਿਆ। ਮੈਂ ਆਪਣੇ ਹੱਥਾਂ ਵੱਲ ਵੇਖਿਆ, ਇਹ ਤਾਂ ਠੀਕ-ਠਾਕ ਹਨ। ਫਿਰ ਇਹ ਮੇਰੇ ਨਾਲ ਇਹੋ ਜਿਹੀਆਂ ਗੱਲਾਂ ਕਿਉਂ ਕਰ ਰਹੇ ਹਨ? ਪਿਤਾ ਜੀ ਮੇਰੇ ਨੇੜੇ ਆ ਗਏ ਸਨ। ਉਨ੍ਹਾਂ ਦਾ ਕੰਬਦਾ ਹੋਇਆ ਹੱਥ ਮੇਰੇ ਮੱਥੇ ਨੂੰ ਛੋਹ ਰਿਹਾ ਸੀ। ਡਾਕਟਰ ਸਾਹਿਬ ਮੇਰੇ ਹੋਰ ਨੇੜੇ ਆ ਗਏ। ਮੇਰੇ ਹੱਥ ਨੂੰ ਆਪਣੇ ਹੱਥ ਵਿਚ ਫੜ ਕੇ ਬੋਲੇ, ''ਮੇਰੇ ਬੱਚਿਆ, ਸਬਰ ਤੋਂ ਕੰਮ ਲੈ! ਮੈਂ ਤੈਨੂੰ ਕਿਵੇਂ ਦੱਸਾਂ... ਕਿਵੇਂ ਦੱਸਾਂ ਕਿ... ਇਸ ਦੁਰਘਟਨਾ ਵਿਚ ਤੂੰ ਆਪਣੇ ਦੋਵੇਂ ਪੈਰ ਗੁਆ ਚੁੱਕਾ ਹੈਂ...।''

ਹੈਂ...? ਮੈਨੂੰ ਲੱਗਿਆ ਕਿ ਮੇਰੇ ਮਨ-ਮਸਤਕ ਵਿਚ ਬੇਹੋਸ਼ੀ




ਭਰਦੀ ਜਾ ਰਹੀ ਹੈ। ਇਕ ਪਲ ਵਿਚ ਮੇਰੀ ਸਾਰੀ ਚੇਤਨਾ ਸ਼ਕਤੀ ਮੇਰੇ ਪੈਰਾਂ ਵੱਲ ਦੌੜ ਗਈ। ਮੈਨੂੰ ਲੱਗਿਆ ਕਿ ਮੇਰੀ ਕਮਰ ਤੋਂ ਹੇਠਾਂ ਖਲਾਅ ਹੈ ...ਡੂੰਘਾ ਖਲਾਅ ਅਤੇ ਮੈਂ ਉਸ ਵਿਚ ਧਸਦਾ ਜਾ ਰਿਹਾ ਹਾਂ।

ਮੈਂ ਡਾਕਟਰ ਨੂੰ ਚਾਦਰ ਪਰ੍ਹੇ ਕਰਨ ਨੂੰ ਕਿਹਾ। ਵੇਖਿਆ, ਸੱਜੀ ਲੱਤ ਸਫ਼ੈਦ ਪੱਟੀਆਂ ਨਾਲ ਢਕੀ ਹੋਈ ਹੈ... ਅਤੇ ਹੈ ਸਿਰਫ਼ ਪਿੰਜਣੀ ਤੱਕ ਹੀ। ਖੱਬੇ ਪਾਸੇ ਕੁਝ ਹੋਰ ਲੰਬੀ ਹੈ, ਸ਼ਾਇਦ ਇਹ ਗੋਡੇ ਕੋਲੋਂ ਕੱਟੀ ਹੈ। ਮੈਂ ਅਪਾਹਜ ਹੋ ਗਿਆ ਹਾਂ, ਮੇਰੇ ਦੋਵੇਂ ਪੈਰ ਕੱਟੇ ਗਏ ਹਨ।

ਮੈਂ ਸੋਚਦਾ ਰਿਹਾ, ਸੋਚਦਾ ਰਿਹਾ। ਇੰਜਨੀਅਰਿੰਗ ਦਾ ਮੇਰਾ ਆਖ਼ਰੀ ਸਾਲ ਹੈ। ਇਸ ਪਿੱਛੋਂ ਮੈਂ ਇੰਜਨੀਅਰ ਬਣਦਾ। ਪਰ ਹੁਣ ਕੀ ਹੋਵੇਗਾ? ਅਪਾਹਜ ਇੰਜਨੀਅਰ! ਸਭ ਸੁਆਹ ਹੋ ਗਿਆ। ਸਭ ਕੁਝ ਮਿਟਦਾ ਜਾ ਰਿਹਾ ਹੈ। ਜਗਦੀਪ ਨੇ ਦੋ-ਤਿੰਨ ਮੈਗਜ਼ੀਨ ਲਿਆ ਰੱਖੇ ਸਨ। ਮੈਂ ਉਨ੍ਹਾਂ 'ਚੋਂ ਇਕ ਚੁੱਕ ਲਿਆ। ਕੋਈ ਸਪੋਰਟਸ ਦਾ ਮੈਗਜ਼ੀਨ ਸੀ। ਉਸ ਵਿਚ ਬਹੁਤ ਸਾਰੀਆਂ ਤਸਵੀਰਾਂ ਸਨ। ਫੁੱਟਬਾਲ ਮੈਚ ਦੀਆਂ, ਹਾਕੀ ਦੀਆਂ, ਟੈਨਿਸ ਦੀਆਂ, ਦੌੜਾਂ ਦੀਆਂ। ਮੈਂ ਮੈਗਜ਼ੀਨ ਬੰਦ ਕਰਕੇ ਰੱਖ ਦਿੱਤਾ। ਮੈਂ ਉਹਨੂੰ ਹੋਰ ਨਹੀਂ ਵੇਖਿਆ, ਮੈਥੋਂ ਉਹ ਹੋਰ ਵੇਖਿਆ ਹੀ ਨਹੀਂ ਗਿਆ।

ਨਰਸ ਆਈ। ਮੇਰਾ ਸਿਰ ਚੁੱਕ ਕੇ ਮੂੰਹ ਵਿਚ ਦਵਾਈ ਪਾ ਗਈ। ਫਿਰ ਚਲੀ ਗਈ। ਉਹ ਕਿੰਨੀ ਚੁਸਤ ਹੈ ਜਿਵੇਂ ਮਸ਼ੀਨ ਹੋਵੇ! ਟੱਕ-ਟੱਕ ਕਰਕੇ ਤੁਰੀ ਜਾ ਰਹੀ ਹੈ। ਮੈਂ ਉਹਦੇ ਪੈਰਾਂ ਅਤੇ ਚਿੱਟੀਆਂ ਜੁਰਾਬਾਂ ਨਾਲ ਢਕੀਆਂ ਗੋਲ- ਗੋਲ ਪਿੰਜਣੀਆਂ ਨੂੰ ਵਿੰਹਦਾ ਰਿਹਾ, ਉਦੋਂ ਤੱਕ ਵਿੰਹਦਾ ਰਿਹਾ, ਜਦੋਂ ਤੱਕ ਉਹ ਦੂਜੇ ਮਰੀਜ਼ਾਂ ਦੇ ਮੰਜਿਆਂ ਓਹਲੇ ਛੁਪ ਨਾ ਗਈ।

ਡਾਕਟਰ ਮੈਨੂੰ ਟੀਕਾ ਲਾਉਣ ਆਇਆ। ਮੈਂ ਕਿਹਾ, ''ਡਾਕਟਰ ਸਾਹਿਬ, ਕਿਉਂ ਟੀਕਾ ਖ਼ਰਾਬ ਕਰ ਰਹੇ ਹੋ? ਮੈਂ ਨਹੀਂ ਬਚਾਂਗਾ, ਮੈਂ ਬਚਣਾ ਨਹੀਂ ਚਾਹੁੰਦਾ।'' ਡਾਕਟਰ ਨੇ ਮੇਰੇ ਵੱਲ ਵੇਖਿਆ। ਫਿਰ ਮੇਰੀ ਖੱਬੀ ਬਾਂਹ ਚੁੱਕ ਕੇ ਟੀਕਾ ਲਾ ਦਿੱਤਾ ਅਤੇ ਬੋਲਿਆ, ''ਪਾਗਲ ਨਾ ਬਣ! ਜੀਵਨ ਦੇਣਾ-ਲੈਣਾ ਤਾਂ ਪਰਮਾਤਮਾ ਦੇ ਹੱਥ ਹੈ। ਜ਼ਰਾ ਹਿੰਮਤ ਤੋਂ ਕੰਮ ਲੈ।'' ਮੈਂ ਮਨ ਹੀ ਮਨ ਮੁਸਕਰਾ ਪਿਆ।

ਸ਼ਾਮੀਂ ਸ਼ੀਲਾ ਮੇਰੇ ਸਿਰਹਾਣੇ ਆ ਬੈਠੀ। ਉਹਦੇ ਵਿਆਹ ਨੂੰ ਦੋ ਮਹੀਨੇ ਰਹਿ ਗਏ ਹਨ। ਉਹ ਬੋਲੀ, ''ਵੀਰੇ, ਡਾਕਟਰ ਕਹਿੰਦਾ ਸੀ ਤੂੰ ਬੜੀਆਂ ਪਾਗਲਾਂ ਵਾਲੀਆਂ ਗੱਲਾਂ ਸੋਚਣ ਲੱਗ ਪਿਐਂ!''

ਮੈਂ ਕਿਹਾ, ''ਇਸ ਵਿਚ ਪਾਗਲਪਣ ਕੀ ਹੈ ਸ਼ੀਲਾ? ਮੇਰੇ ਜਿਉਂਦੇ ਰਹਿਣ ਦਾ ਹੁਣ ਫ਼ਾਇਦਾ ਵੀ ਕੀ ਹੈ? ਮੈਂ ਅਪਾਹਜ ਹੋ ਗਿਆ ਹਾਂ।''

ਸ਼ੀਲਾ ਬੋਲੀ, ''ਵੀਰੇ, ਫਿਰ ਅਜਿਹੀ ਗੱਲ ਕੀਤੀ ਤਾਂ ਤੈਥੋਂ ਪਹਿਲਾਂ ਮੈਂ ਜ਼ਹਿਰ ਖਾ ਕੇ ਮਰ ਜਾਵਾਂਗੀ।''

ਮੈਂ ਕਿਹਾ, ''ਹਟ ਕਮਲੀਏ!''

ਪਿਤਾ ਜੀ ਮੇਰੇ ਕੋਲ ਆਏ। ਲੱਗਦਾ ਹੈ ਕਿ ਇਨ੍ਹਾਂ ਪੰਦਰਾਂ ਦਿਨਾਂ ਵਿਚ ਹੀ ਉਨ੍ਹਾਂ ਦੀ ਉਮਰ ਵੀਹ ਸਾਲ ਵਧ ਗਈ ਹੈ। ਕਹਿਣ ਲੱਗੇ, ''ਨਰਿੰਦਰ, ਜੋ ਹੋਣਾ ਸੀ, ਉਹ ਤਾਂ ਹੋ ਗਿਆ ਬੇਟੇ! ਤੇਰੀਆਂ ਅਸਲੀ ਲੱਤਾਂ ਤਾਂ ਮੈਂ ਲਿਆ ਨਹੀਂ ਸਕਦਾ। ਪਰ ਜੋ ਕੁਝ ਇਸ ਸੰਸਾਰ ਵਿਚ ਮੌਜੂਦ ਹੈ, ਉਹ ਲਿਆਉਣ ਵਿਚ ਮੈਂ ਕੋਈ ਕਸਰ ਬਾਕੀ ਨਹੀਂ ਰਹਿਣ ਦਿਆਂਗਾ।''

ਰਾਤ ਦੇ ਦੋ ਵੱਜੇ ਹਨ। ਜਗਦੀਪ ਨੇੜੇ ਕੁਰਸੀ 'ਤੇ ਬੈਠਾ-ਬੈਠਾ ਊਂਘ ਰਿਹਾ ਹੈ। ਇੱਕ-ਅੱਧਾ ਘੰਟਾ ਸੌਣ ਪਿੱਛੋਂ ਮੇਰੀ ਨੀਂਦ ਫਿਰ ਉਖੜ ਗਈ ਹੈ। ਬੜੀ ਬੇਚੈਨੀ ਜਿਹੀ ਹੋ ਰਹੀ ਹੈ। ਮੈਂ ਗੁਟਕਾ ਚੁੱਕਣ ਲਈ ਆਪਣਾ ਖੱਬਾ ਹੱਥ ਮੇਜ਼ ਵੱਲ ਵਧਾਇਆ। ਮੇਰੇ ਹੱਥ ਵਿਚ ਛੁਰੀ ਆ ਗਈ। ਫਲ ਕੱਟਣ ਵਾਲੀ ਛੁਰੀ। ਮੈਂ ਉਹਨੂੰ ਇਕ ਪਾਸੇ ਖਿਸਕਾ ਦਿੱਤਾ... ਅਚਾਨਕ ਇਕ ਖਿਆਲ ਆਇਆ। ਮੈਂ ਛੁਰੀ ਹੱਥ ਵਿਚ ਫੜ ਕੇ ਵਾਰਡ ਵੱਲ ਵੇਖਿਆ। ਉਸ ਪਾਸੇ ਪੂਰੀ ਤਰ੍ਹਾਂ ਸ਼ਾਂਤੀ ਪਸਰੀ ਹੋਈ ਹੈ। ਦੂਰ ਪਰ੍ਹੇ ਇਕ ਮੇਜ਼ ਕੋਲ ਕੁਝ ਨਰਸਾਂ ਬੈਠੀਆਂ ਹੌਲੀ-ਹੌਲੀ ਗੱਲਾਂ ਕਰ ਰਹੀਆਂ ਹਨ। ਕਿਉਂ ਨਾ ਆਪਣੀ ਖੇਡ ਖ਼ਤਮ ਕਰ ਲਵਾਂ! ਮੇਰੇ ਹੱਥ ਕੰਬਣ ਲੱਗੇ। ਇਸ ਤੋਂ ਚੰਗਾ ਮੌਕਾ ਹੋਰ ਕੀ ਹੋਵੇਗਾ? ਮੇਰੀ ਉਤੇਜਨਾ ਵਧਦੀ ਜਾ ਰਹੀ ਹੈ... ਖ਼ੁਦ ਨੂੰ ਖ਼ਤਮ ਕਰ ਦਿਆਂ... ਕਰ ਦਿਆਂ... ਕਰ ਦਿਆਂ...।

''ਵੀਰੇ!'' ਸ਼ਾਇਦ ਜਗਦੀਪ ਜਾਗ ਪਿਆ ਸੀ। ਮੇਰੇ ਹੱਥੋਂ ਛੁਰੀ ਲੈ ਕੇ ਉਹ ਬੋਲਿਆ, ''ਸੇਬ ਖਾਵੇਂਗਾ!'' ਮੈਂ ਕਿਹਾ, ''ਹਾਂ।''

''ਤੂੰ ਮੈਨੂੰ ਜਗਾਇਆ ਕਿਉਂ ਨਹੀਂ?'' ਕਹਿ ਕੇ ਉਹ ਸੇਬ ਛਿੱਲਣ ਲੱਗ ਪਿਆ।

ਨਰਸ ਆਈ। ਟੈਂਪਰੇਚਰ ਚੈੱਕ ਕੀਤਾ ਅਤੇ ਰਿਕਾਰਡ ਕਰਕੇ ਚਲੀ ਗਈ।

ਸ਼ੀਲਾ ਦਾ ਆਉਣਾ ਮੈਨੂੰ ਬਹੁਤ ਚੁਭਣ ਲੱਗ ਪਿਆ ਹੈ। ਉਹ ਸਾਰਾ-ਸਾਰਾ ਦਿਨ ਮੇਰੇ ਕੋਲ ਬੈਠੀ ਰਹਿੰਦੀ ਹੈ। ਰਾਤ ਨੂੰ ਜਗਦੀਪ ਤੋਂ ਬਿਨਾਂ ਹੋਰ ਕਿਸੇ ਨੂੰ ਹਸਪਤਾਲ ਵਿਚ ਰਹਿਣ ਦੀ ਇਜਾਜ਼ਤ ਨਹੀਂ ਹੈ। ਨਹੀਂ ਤਾਂ ਉਹ ਰਾਤ ਨੂੰ ਵੀ ਨਾ ਟਲੇ।

ਮੈਂ ਉਹਨੂੰ ਕਿਹਾ, ''ਇਹ ਤੂੰ ਆਪਣੀ ਕੀ ਹਾਲਤ ਬਣਾਈ ਹੋਈ ਹੈ? ਇਉਂ ਤਾਂ ਤੂੰ ਕੁਝ ਦਿਨਾਂ ਵਿਚ ਹੀ ਬਿਮਾਰ ਹੋ ਜਾਵੇਂਗੀ।''

'ਮੈਂ ਮਰਨਾ ਚਾਹੁੰਦੀ ਹਾਂ।' ਉਹ ਬੜੀ ਸ਼ਾਂਤੀ ਨਾਲ ਬੋਲੀ।

''ਕਿਉਂ?'' ਮੈਂ ਹੈਰਾਨੀ ਨਾਲ ਪੁੱਛਿਆ।

''ਕਿਉਂਕਿ ਤੂੰ ਜ਼ਿੰਦਾ ਰਹਿਣ ਦੀ ਗੱਲ ਨਹੀਂ ਸੋਚਦਾ।''

ਮੈਨੂੰ ਗੁੱਸਾ ਆਇਆ। ਖਿੱਝ ਵੀ ਹੋਈ। ਬੋਲਿਆ, ''ਜ਼ਿੱਦੀ ਤਾਂ ਤੂੰ ਬਚਪਨ ਤੋਂ ਹੀ ਹੈਂ।'' ਮੈਨੂੰ ਹੋਰ ਖਿਝ ਹੋਈ। ਮੂੰਹ ਤੋਂ ਨਿਕਲਿਆ, ''ਚੰਗਾ, ਜਾਹ, ਮਰ ਪਰ੍ਹਾਂ। ਮੈਨੂੰ ਕੀ?''

ਉਹ ਪਿਆਰ ਨਾਲ ਬੋਲੀ, ''ਵੀਰੇ, ਆਪਣੇ ਮਨ 'ਚੋਂ ਨਿਰਾਸ਼ਾ ਦੇ ਖ਼ਿਆਲ ਕੱਢ ਦੇ।''

ਮੈਂ ਕਿਹਾ, ''ਚੰਗਾ-ਚੰਗਾ, ਹੁਣ ਆਵਦੀ ਫਿਲਾਸਫ਼ੀ ਨਾ ਘੋਟ। ਪਤਾ ਹੈ, ਤੂੰ ਕਾਲਜ ਵਿਚ ਫਿਲਾਸਫ਼ੀ ਪੜ੍ਹਦੀ ਹੈਂ।'' ਸ਼ੀਲਾ ਦੀਆਂ ਗੱਲਾਂ ਮੈਨੂੰ ਰਾਤੀਂ ਦੇਰ ਤੱਕ ਯਾਦ ਆਉਂਦੀਆਂ ਰਹੀਆਂ, ਮਨ ਵਿਚ ਮੋਹ ਦੀ ਭਾਵਨਾ ਵਧਦੀ ਗਈ।

ਡਾਕਟਰ ਨੇ ਮੈਨੂੰ ਦੱਸਿਆ, ਮੇਰੇ ਜ਼ਖ਼ਮ ਭਰ ਰਹੇ ਹਨ। ਕੁਝ ਦਿਨ ਹੋਰ ਹਸਪਤਾਲ ਵਿਚ ਰਹਿਣ ਪਿੱਛੋਂ ਮੈਂ ਨਕਲੀ ਲੱਤਾਂ ਲਵਾਉਣ ਲਈ ਪੂਣੇ ਚਲਾ ਜਾਵਾਂਗਾ। ਉਸ ਨੇ ਮੈਨੂੰ ਇਕ ਤਸਵੀਰ ਵੀ ਵਿਖਾਈ ਕਿ ਕਿਸੇ ਦੇਸ਼ ਵਿਚ ਨਕਲੀ ਲੱਤਾਂ ਲਵਾ ਕੇ ਇਕ ਆਦਮੀ ਹਾਕੀ ਖੇਡ ਰਿਹਾ ਹੈ। ਹੁਣ ਮੌਤ ਦੇ ਪਲ ਮੈਥੋਂ ਦੂਰ-ਦੂਰ ਹੁੰਦੇ ਜਾ ਰਹੇ ਹਨ ਅਤੇ ਜ਼ਿੰਦਗੀ ਦੀਆਂ ਅੱਖਾਂ ਮੇਰੇ ਨੇੜੇ-ਨੇੜੇ ਆਉਂਦੀਆਂ ਜਾ ਰਹੀਆਂ ਹਨ।

ਡਾ. ਮਹੀਪ ਸਿੰਘ

# ਮਨੁੱਖ ਦੀ ਕੰਡੀਸ਼ਨਿੰਗ



ਮੈਂ ਸੁਣਿਆ ਹੈ, ਵਿਲੀਅਮ ਜੇਮਜ਼ ਅਮਰੀਕਾ ਵਿੱਚ ਪੈਦਾ ਹੋਇਆ ਇੱਕ ਮਹਾਨ ਮਨੋਵਿਗਿਆਨੀ ਸੀ। ਉਹ ਮਨੁੱਖੀ ਸੰਸਕਾਰਾਂ 'ਤੇ ਬਹੁਤ ਵੱਡਾ ਕੰਮ ਕਰ ਰਿਹਾ ਸੀ। ਅਸਲ ਵਿੱਚ, ਜੋ ਮਨੋਵਿਗਿਆਨ ਸੰਸਕਾਰ 'ਤੇ ਕੰਮ ਨਹੀਂ ਕਰਦਾ, ਉਹ ਮਨੋਵਿਗਿਆਨ ਨਹੀਂ ਬਣ ਸਕਦਾ। ਕਿਉਂਕਿ ਬਹੁਤ ਗਹਿਰੀ ਪਕੜ ਤਾਂ ਮਨੁੱਖ ਦੀ ਕੰਡੀਸ਼ਨਿੰਗ 'ਤੇ ਹੈ। ਸਾਰੀ ਪਕੜ ਤਾਂ ਉੱਥੇ ਹੈ, ਜਿੱਥੇ ਮਨੁੱਖ ਫਸਿਆ ਹੋਇਆ ਹੈ; ਜਿੱਥੇ ਉਹ ਬੇਸ਼ੱਕ ਹੈਲਪਲੈੱਸ ਹੋ ਜਾਂਦਾ ਹੈ। ਉਹ ਕੰਡੀਸ਼ਨਿੰਗ 'ਤੇ ਕੰਮ ਕਰ ਰਿਹਾ ਹੈ। ਉਹ ਇੱਕ ਦਿਨ ਹੋਟਲ ਵਿੱਚ ਬੈਠਾ ਹੈ ਤੇ ਆਪਣੇ ਦੋਸਤ ਨਾਲ ਗੱਲਾਂ ਕਰ ਰਿਹਾ ਹੈ।

ਉਸ ਨੇ ਕਿਹਾ ਕਿ ਮਨੁੱਖ ਦੇ ਸੰਸਕਾਰਾਂ ਦਾ ਅਜਿਹਾ ਅਜੀਬ ਜਾਲ ਹੈ, ਜਿਸ ਦਾ ਕੋਈ ਹਿਸਾਬ ਨਹੀਂ। ਤਦ ਹੀ ਉਸ ਨੇ ਦੇਖਿਆ ਕਿ ਪਹਿਲੀ ਸੰਸਾਰ ਜੰਗ ਦਾ ਇੱਕ ਰਿਟਾਇਰ ਮਿਲਟਰੀ ਕੈਪਟਨ ਅੰਡਿਆਂ ਦੀ ਟੋਕਰੀ ਚੁੱਕਕੇ ਉਸ ਵੱਲੀ ਚਲਿਆ ਆ ਰਿਹਾ ਹੈ। ਉਸ ਨੇ ਸੋਚਿਆ ਕਿ ਇਹ ਠੀਕ ਉਦਾਹਰਣ ਹੈ। ਵਿਲੀਅਮ ਜੇਮਜ਼ ਨੇ ਹੋਟਲ ਅੰਦਰ ਚੀਖ਼ ਕੇ ਜ਼ੋਰ ਨਾਲ ਕਿਹਾ, ਅਟੈਂਸ਼ਨ। ਉਹ ਮਿਲਟਰੀ ਕੈਪਟਨ ਅੰਡੇ ਛੱਡ ਕੇ ਅਟੈਂਸ਼ਨ ਖੜ੍ਹਾ ਹੋ ਗਿਆ। ਸਾਰੇ ਅੰਡੇ ਜ਼ਮੀਨ 'ਤੇ ਡਿੱਗ ਪਏ। ਉਸ ਨੂੰ ਰਿਟਾਇਰ ਹੋਏ ਵੀ ਕਈ ਸਾਲ ਹੋ ਗਏ ਹਨ ਪਰ ਅਟੈਂਸ਼ਨ ਨੇ ਬਿਲਕੁੱਲ ਬੰਦੂਕ ਦੇ ਟਰਿੱਗਰ ਵਾਂਗ ਕੰਮ ਕੀਤਾ। ਗੋਲੀ ਚੱਲ ਗਈ।

ਉਹ ਮਿਲਟਰੀ ਕੈਪਟਨ ਬਹੁਤ ਨਾਰਾਜ਼ ਹੋਇਆ ਕਿ ਤੁਸੀਂ ਕਿਸ ਤਰ੍ਹਾਂ ਦੇ ਆਦਮੀ ਹੋ, ਇਹ ਕੋਈ ਮਜ਼ਾਕ ਹੈ ? ਸਾਰੇ ਅੰਡੇ ਫੁੱਟ ਗਏ ਪਰ ਵਿਲੀਅਮ ਜੇਮਜ਼ ਨੇ ਕਿਹਾ ਕਿ ਤੁਹਾਨੂੰ ਕਿਸ ਨੇ ਕਿਹਾ ਕਿ ਤੁਸੀਂ ਅਟੈਂਸ਼ਨ ਹੋ ਜਾਓ। ਸਾਨੂੰ ਅਟੈਂਸ਼ਨ ਕਹਿਣ ਦਾ ਹੱਕ ਹੈ। ਤੁਹਾਨੂੰ ਹੀ ਕਿਹਾ, ਤੁਸੀਂ ਇਹ ਕਿਵੇਂ ਸਮਝਿਆ ? ਉਹ ਅੱਗੋਂ ਬੋਲਿਆ, ਇਹ ਸਵਾਲ ਕਿੱਥੇ ਹੈ। ਇਹ ਕੋਈ ਸੋਚਣ ਵਾਲੀ ਗੱਲ ਹੈ ? ਇਹਨਾਂ ਪੈਰਾਂ ਨੇ ਸਾਲਾਂ ਤੋਂ ਅਟੈਂਸ਼ਨ ਸੁਣਿਆ ਹੈ ਤੇ ਅਟੈਂਸ਼ਨ ਹੀ ਹੋਏ ਹਨ। ਇਸ ਵਿਚਕਾਰ ਕੋਈ ਗੈਪ ਹੀ ਨਹੀਂ ਹੈ। ਉੱਧਰ ਅਟੈਂਸ਼ਨ ਤੇ ਇੱਧਰ ਅਟੈਂਸ਼ਨ ਘਟਿਤ ਹੁੰਦਾ ਹੈ।

ਓਸ਼ੋ, ਗੀਤਾ ਦਰਸ਼ਨ







ਬੁੱਧ ਬਾਣ

# ਯਾਰ ਹੈ ਤਾਂ ਕੋਈ ਖ਼ਰਾਬੀ, ਜਿਹੜਾ ਸਮਝਦੇ ਨਹੀਂ?

ਖੂਨ ਦਾ ਰਿਸ਼ਤਾ ਪਰਵਾਰ ਨਾਲ ਹੁੰਦਾ ਹੈ। ਅਖੂਨ ਦੇ ਰਿਸ਼ਤੇ ਦੋਸਤ, ਮਿੱਤਰ ਤੇ ਜਾਣੂੰ ਹੁੰਦੇ ਹਨ। ਪਹਿਲਾਂ ਵਿਆਹ ਵੇਲੇ ਚਾਰ ਗੋਤਾਂ ਦਾ ਖਿਆਲ ਰੱਖਿਆ ਜਾਂਦਾ ਸੀ। ਹੌਲੀ ਹੌਲੀ ਹੁਣ ਕੋਈ ਗੋਤ ਤੇ ਜ਼ਾਤ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ। ਖੂਨ ਦੇ ਰਿਸ਼ਤਿਆਂ ਵਿੱਚ ਵਿਆਹ ਕਰਨ ਨਾਲ ਸਰੀਰਕ ਤੇ ਮਾਨਸਿਕ ਵਿਕਾਸ ਦੀ ਘਾਟ ਰਹਿੰਦੀ ਸੀ। ਸਾਇੰਸ ਨੇ ਇਹ ਸਿੱਧ ਕਰ ਲਿਆ ਸੀ। ਪਰ ਅਸੀਂ ਸਾਇੰਸ ਦੀ ਪੜ੍ਹਾਈ ਤਾਂ ਕੀ ਕਰਨੀ, ਕੋਈ ਧਰਮ ਦੀ ਪੋਥੀ ਨਹੀਂ ਪੜ੍ਹਦੇ। ਸਾਇੰਸ ਤੇ ਧਰਮ ਮਨੁੱਖ ਦੇ ਅੰਦਰ ਤੇ ਬਾਹਰ ਦੇ ਸੰਸਾਰ ਨਾਲ ਜੋੜਦੇ ਹਨ। ਅਸੀਂ ਕਿਸੇ ਨਾਲ ਜੁੜ ਰਹਿਣ ਦੇ ਆਦੀ ਨਹੀਂ। ਅਸੀਂ ਘਰੋਂ ਬਾਹਰ ਵੱਲ ਦੌੜ ਰਹੇ ਹਾਂ। ਕੋਈ ਹੋਰ ਸਾਡੇ ਅੰਦਰ ਵੜ ਰਿਹਾ ਹੈ। ਇਹ ਕਿਹੋ ਜਿਹੀ ਹਾਲਤ ਬਣ ਗਈ ਹੈ। ਇਤਿਹਾਸ ਗਵਾਹ ਹੈ ਕਿ ਅਸੀਂ ਹੁਣ ਵਰਗੇ ਪਹਿਲਾਂ ਨਹੀਂ ਸੀ। ਘਰ ਤੇ ਗੁਰਦੁਆਰੇ ਕੱਚੇ ਸਨ ਤੇ ਲੋਕ ਧਰਮ ਤੇ ਅਸੂਲਾਂ ਦੇ ਪੱਕੇ ਸਨ। ਹੁਣ ਘਰ ਤੇ ਗੁਰਦੁਆਰੇ ਪੱਕੇ ਬਣਾ ਗਏ ਤੇ ਲੋਕ ਅਸੂਲਾਂ ਦੇ ਕੱਚੇ ਹੋ ਗਏ। ਇਹੋ ਸਾਡੀ ਜ਼ਿੰਦਗੀ ਦੀ ਪ੍ਰਾਪਤੀ ਹੈ। ਸਾਡਾ ਜ਼ੋਰ ਬਾਹਰੀ ਦਿੱਖ ਸਜਾਉਣ ਦੇ ਉਪਰ ਲੱਗਿਆ ਹੋਇਆ ਹੈ। ਗੁਰੂ ਘਰਾਂ ਦੇ ਚੌਧਰੀਆਂ ਨੇ ਸਾਨੂੰ ਪੁੱਠੇ ਪਾਸੇ ਤੋਰਿਆ ਹੋਇਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਇਥੇ ਕੀ ਰਾਜਨੀਤੀ ਤੇ ਬਦਨੀਤੀ ਹੁੰਦੀ ਹੈ ਪਰ ਅਸੀਂ ਚੁੱਪ ਚਾਪ ਤਮਾਸ਼ਾ ਦੇਖਣ ਵਾਲਿਆਂ ਦੀ ਭੀੜ ਵਧਾਉਣ ਲੱਗੇ ਹੋਏ ਹਾਂ। ਭੀੜ, ਸੰਗਤ ਤੇ ਹੜ੍ਹ ਦਾ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ। ਇਹ ਕਿਧਰ ਵਹਿਣ ਲੱਗੀ ਜਾਵੇ, ਪਰ ਅਸੀਂ ਭੀੜ ਦੇਖ ਕੇ ਖੁਸ਼ ਹੋ ਕੇ ਰਹਿ ਜਾਂਦੇ ਹਾਂ। ਪਤਾ ਉਦੋਂ ਲੱਗਦਾ ਹੈ ਜਦੋਂ ਮੂਹਰੇ ਤੁਰਿਆ ਬੰਦਾ ਇਕੱਲਾ ਰਹਿ ਜਾਂਦਾ ਹੈ। ਇਕੱਲਿਆਂ ਦਾ ਕਾਫ਼ਲਾ ਨਹੀਂ ਹੁੰਦਾ, ਸੋਚ ਤੇ ਸਮਝ ਦਾ ਹੀ ਕਾਫ਼ਲਾ ਬਣਦਾ ਹੈ। ਅਸੀਂ ਕਾਫ਼ਲੇ ਬਣਾ ਕੇ ਡੇਰਿਆਂ ਤੇ ਧਾਰਮਿਕ ਸਥਾਨਾਂ ਵੱਲ ਦੌੜ ਪਏ ਹਾਂ। ਅਸੀਂ ਅੰਦਰੋਂ ਕਮਜ਼ੋਰ ਤੇ ਮਾਨਸਿਕ ਬੀਮਾਰ ਹੋ ਗਏ ਹਾਂ। ਮਾਨਸਿਕ ਬੀਮਾਰ ਦਾ ਇਲਾਜ ਚਿੰਤਨ ਤੇ ਚੇਤਨਾ ਜਗਾਉਣ ਨਾਲ ਹੁੰਦਾ ਹੈ। ਅਸੀਂ ਚਿੰਤਾ ਬਹੁਤ ਕਰਦੇ ਹਾਂ ਪਰ ਚਿੰਤਨ ਨਹੀਂ ਕਰਦੇ। ਇਸੇ ਕਰਕੇ ਅਸੀਂ ਖ਼ੁਦ ਸਿਵਿਆਂ ਵੱਲ ਦੌੜ ਪਏ ਹਾਂ। ਸਾਡੇ ਹਿੱਸੇ ਦੇ ਹਾਸੇ, ਚੋਹਲ ਮੋਹਲ ਕੋਈ ਚੁਰਾਈ ਜਾ ਰਿਹਾ ਹੈ ਤੇ ਅਸੀਂ ਆਪਣੇ ਹੱਥੀਂ ਸਭ ਤੋਰ ਰਹੇ ਹਾਂ। ਇਹ ਵੀ ਇੱਕ ਸੱਚ ਹੈ!




ਪੰਜਾਹ ਸਾਲ ਪਹਿਲਾਂ ਪੰਜਾਬ ਦੇ ਵਿੱਚ ਚੌਵੀ ਲੱਖ ਪਰਵਾਰ ਸਨ, ਤੇਰਾਂ ਲੱਖ ਕੋਲ ਜ਼ਮੀਨ ਸੀ, ਉਹ ਆਪਣੀ ਧਰਤੀ, ਪਾਣੀ ਤੇ ਖੇਤਾਂ ਦੇ ਮਾਲਕ ਸਨ। ਹੁਣ ਚੌਂਹਠ ਲੱਖ ਪਰਵਾਰ ਹੈ, ਜ਼ਮੀਨ ਜਾਇਦਾਦ ਦਸ ਲੱਖ ਕੋਲ ਹੈ। ਤਿੰਨ ਲੱਖ ਲੋਕ ਮਜ਼ਦੂਰ ਬਣ ਗਏ ਹਨ। ਅਗਲੇ ਦਸ ਸਾਲ ਵਿੱਚ ਇਹ ਗਿਣਤੀ ਵਧਣੀ ਹੈ। ਜਿਹੜੇ ਲੱਖਾਂ ਨੌਜਵਾਨ ਤੇ ਪਰਿਵਾਰ ਵਿਦੇਸ਼ਾਂ ਨੂੰ ਦੌੜ ਰਹੇ ਹਨ, ਉਹ ਵੀ ਮਜ਼ਦੂਰ ਬਣ ਗਏ ਹਨ। ਇਹ ਆਧੁਨਿਕ ਯੁੱਗ ਦਾ ਵਿਕਾਸ ਹੋਇਆ ਹੈ। ਲੋਕਾਂ ਨੂੰ ਰੋਜ਼ੀ ਰੋਟੀ ਕਮਾਉਣ ਦੇ ਲਾਲ਼ੇ ਪੈ ਗਏ ਹਨ। ਉਹਨਾਂ ਨੂੰ ਸਮਝ ਨਹੀਂ ਆਉਂਦੀ ਕਿ ਉਹਨਾਂ ਨੇ ਆਪਣੇ ਹੱਕਾਂ ਦੀ ਰਾਖੀ ਲਈ ਕੀ ਕਰਨਾ ਹੈ, ਕੁੱਝ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਆਪੋ ਆਪਣੀ ਡੱਫਲੀ ਵਜਾਈ ਜਾ ਰਹੀ ਹੈ। ਬਹੁਗਿਣਤੀ ਤਾਂ ਤਮਾਸ਼ਾ ਦੇਖਣ ਵਾਲਿਆਂ ਦੀ ਭੀੜ ਬਣ ਕੇ ਰਹਿ ਗਈ ਹੈ। ਕੱਲ੍ਹ ਲੁਧਿਆਣੇ ਦੇ ਵਿੱਚ ਸੜਕ ਉੱਤੇ ਇੱਕ ਨੌਜਵਾਨ ਨੂੰ ਇੱਕ ਨੀਗਰੋ ਨੇ ਸ਼ਰੇਆਮ ਬਾਜ਼ਾਰ ਵਿੱਚ ਗਾਜ਼ਰ ਮੂਲੀਆਂ ਵਾਂਗ ਵੱਢ ਦਿੱਤਾ ਸੀ ਤੇ ਲੋਕ ਵੀਡੀਓ ਬਣਾਉਣ ਲਈ ਮਸਰੂਫ ਸਨ। ਕੋਈ ਉਸ ਦੀ ਮੱਦਦ ਲਈ ਨਹੀਂ ਆਇਆ। ਕੀ ਹੋ ਗਿਆ ਹੈ ਸਾਡੀ ਮਾਨਸਿਕਤਾ ਨੂੰ ? ਸਾਡੇ ਪੁਰਖੇ ਐਨੇ ਸੰਵੇਦਨਹੀਣ ਤਾਂ ਨਹੀਂ ਸੀ। ਜਿੰਨੇ ਅਸੀਂ ਹੋ ਗਏ ਹਾਂ, ਦੇ ਇਹੋ ਜਿਹੇ ਹਾਲਾਤ ਰਹੇ, ਇੱਕ ਦਿਨ ਸਾਡੀ ਵਾਰੀ ਵੀ ਆਉਣੀ ਹੈ। ਇਸ ਗੱਲ ਦਾ ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਹੈ। ਅਸੀਂ ਕਿਸ ਦਿਸ਼ਾ ਵੱਲ ਦੌੜ ਪਏ ਹਾਂ। ਸੜਕਾਂ ਉੱਤੇ ਸ਼ਰੇਆਮ ਏਡਜ਼ ਦੇ ਬੰਬ ਤੇ ਲੁਟੇਰੇ ਦਨਦਨਾਉਂਦੇ ਫਿਰਦੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦਫਤਰਾਂ ਵਿੱਚ ਸੁੱਤਾ ਪਿਆ ਹੈ, ਅਸੀਂ ਘਰਾਂ ਵਿੱਚ ਸੁੱਤੇ ਪਏ ਹਾਂ। ਫ਼ਰਕ ਕੀ ਰਹਿ ਗਿਆ ਹੈ ?


ਸਾਡੀ ਆਪਾਂ ਕੀ ਲੈਣਾ ਐ ਦੀ ਮਾਨਸਿਕਤਾ ਕਿਉਂ ਬਣ ਗਈ ਹੈ ?

ਕੁੱਝ ਤਾਂ ਗੜਬੜ ਹੋ ਗਈ ਹੈ, ਸਾਡੇ ਖੂਨ ਦੇ ਵਿੱਚ ਖਰਾਬੀ ਹੋ ਗਈ ਹੈ ?

ਆਪਾਂ ਵੀ ਕੀ ਲੈਣਾ ਐ ਤੁਹਾਨੂੰ ਸੁੱਤਿਆਂ ਨੂੰ ਜਗਾ ਕੇ, ਕਰੋ ਮੌਜਾਂ। ਲਵੋ ਚਿੱਟੇ ਤੇ ਗੋਲੀਆਂ ਦੇ ਨਜ਼ਾਰੇ।

ਸਾਨੂੰ ਸ਼ਬਦ ਤੇ ਗਿਆਨ ਨਾਲ ਜੁੜਨ ਤੋਂ ਬਿਨਾਂ ਮੁਕਤੀ ਨਹੀਂ ਮਿਲਣੀ।

ਅਸੀਂ ਸਵਰਗ ਜਾਣ ਲਈ ਤਾਂ ਸਭ ਕੁੱਝ ਕਰ ਰਹੇ ਹਾਂ ਪਰ ਮੌਜੂਦਾ ਸਮੇਂ ਵਿੱਚ ਕਿਵੇਂ ਜਿਉਂਦੇ ਵਸਦੇ ਰਹਿਣਾ ਹੈ, ਇਸ ਦਾ ਫ਼ਿਕਰ ਨਹੀਂ ਹੈ। ਸਾਨੂੰ ਚਿੱਟੀ ਸਿਉਂਕ ਤੇ ਚਿੱਟੇ ਨੇ ਤਬਾਹ ਕਰ ਦਿੱਤਾ ਹੈ। ਇਹਨਾਂ ਡੇਰਿਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਅਸੀਂ ਮਾਨਸਿਕ ਤੌਰ ਬੀਮਾਰ ਹੋ ਗਏ ਹਾਂ। ਗਿਆਨ ਹਾਸਲ ਕਰਨ ਲਈ ਸਾਨੂੰ ਗਿਆਨ ਤੇ ਵਿਗਿਆਨ ਨਾਲ ਜੁੜਨਾ ਪਵੇਗਾ ਤੇ ਚੇਤਨਾ ਨੂੰ ਜਗਾਉਂਦੀਆਂ ਕਿਤਾਬਾਂ ਦੇ ਲੜ ਲੱਗਣਾ ਪਵੇਗਾ। ਗੁਰਬਾਣੀ ਨਾਲ ਜੁੜਨਾ ਪਵੇਗਾ ਇਹ ਸਮੇਂ ਦੀ ਲੋੜ ਹੈ। ਤੁਹਾਨੂੰ ਕੋਈ ਸਮਝ ਆਈ ਹੈ ਕਿ ਖ਼ਰਾਬੀ ਕਿਥੇ ਹੈ ? ਜੇ ਆਈ ਤਾਂ ਮੈਨੂੰ ਜ਼ਰੂਰ ਦੱਸ ਦਿਓ, ਆਪਾਂ ਵੀ ਕੋਈ ਹੀਲਾ ਵਸੀਲਾ ਵਰਤ ਕੇ ਕਿਸੇ ਦੇਸ਼ ਵਿੱਚ ਜਾਣ ਲਈ ਡੌਂਕੀ ਲਗਾਈਏ, ਜਾਂ ਫਿਰ ਇਥੇ ਹੀ ਛਿੱਤਰ ਪਰੇਡ ਕਰਵਾਈਏ ?



ਬੁੱਧ ਸਿੰਘ ਨੀਲੋਂ
ਚਾਂਸਲਰ, ਪੋਲ ਖੋਲ੍ਹ ਕੌਮਾਂਤਰੀ ਯੂਨੀਵਰਸਿਟੀ
ਨੀਲੋਂ ਨਹਿਰ ਕਿਨਾਰੇ
9464370823

# ਤੇਰੇ ਲੱਗ ਕੇ ਪਿੱਛੇ ਸੁਨੱਖਿਆ ਵੇ...

ਤੇਰੇ ਲੱਗ ਕੇ ਪਿੱਛੇ ਸੁਨੱਖਿਆ ਵੇ
ਅਸੀਂ ਇਸ਼ਕ ਦਾ ਹੂਲਾ ਫੱਕਿਆ ਵੇ
ਜਿਸ ਦਿਨ ਦਾ ਤੱਕਿਆ ਅਸੀਂ ਤੈਨੂੰ
ਮੁੜ ਖ਼ੁਦ ਦੇ ਵੱਲ ਵੀ ਨਾ ਤੱਕਿਆ ਵੇ
ਕੱਟੀ ਹਿਜਰ ਦੇ 'ਨੇਰ ਵਿੱਚ ਉਮਰ ਸਾਰੀ
ਮਸਾਂ ਦੀਦ ਦਾ ਚਾਨਣ ਖੱਟਿਆ ਵੇ ।
ਤੇਰੇ ਲੱਗ ਕੇ ਪਿੱਛੇ ਸੁਨੱਖਿਆ ਵੇ
ਅਸੀਂ ਅੱਗ ਦਾ ਦਰਿਆ ਪਾਰ ਕੀਤਾ
ਤੇਰੇ ਰੋਸਿਆਂ ਨੂੰ ਮੱਥੇ ਨਾਲ਼ ਲਾਇਆ
ਤੇਰੀ ਝਿੜਕ ਦਾ ਵੀ ਸਤਿਕਾਰ ਕੀਤਾ
ਤੂੰ ਸਾਡੇ ਚੰਮ ਦੇ ਪੈਰੀਂ ਹੰਢਾ ਖੁੱਸੇ
ਫੇਰ ਆਖੀਂ ਜੇ ਅਸੀਂ ਇਨਕਾਰ ਕੀਤਾ ।
ਤੇਰੇ ਲੱਗ ਕੇ ਪਿੱਛੇ ਸੁਨੱਖਿਆ ਵੇ
ਅਸੀਂ ਜੱਗ ਦੀਆਂ ਤੁਹਮਤਾਂ ਸਹੇੜ ਲਈਆਂ
ਲੈ ਕੇ ਇਸ਼ਕ ਤੇਰੇ ਦਾ ਲਾਲ ਧਾਗਾ
ਪਰ ਕਿਸਮਤਾਂ ਉਧੜੀਆਂ ਲੇੜ੍ਹ ਲਈਆਂ
ਤੇਰੇ ਬੋਲਾਂ ਦਾ ਅਸੀਂ ਧਿਆਨ ਧਰਿਆ
ਤੇਰੀ ਚੁੱਪ ਤੇ ਗੱਲਾਂ ਨਿਬੇੜ ਲਈਆਂ ।
ਤੇਰੇ ਲੱਗ ਕੇ ਪਿੱਛੇ ਸੁਨੱਖਿਆ ਵੇ
ਇੱਕ ਇਸ਼ਕ ਗਲੋਟਾ ਕੱਤਿਆ ਵੇ
ਪਹਿਲੋਂ ਤਨ ਆਪਣੇ ਦੀ ਰੂੰ ਪਿੰਜੀ
ਤੇ ਫੇਰ ਹੱਡੀਆਂ ਦਾ ਮੁੱਠ ਛੱਟਿਆ ਵੇ
ਤੇਰੇ ਹਿਜਰ ਦੇ ਸੋਗ ਨੂੰ ਵੀ ਚੰਨਾ
ਅਸੀਂ ਵਸਲ ਦੇ ਚਾਅ ਵਾਂਗ ਕੱਟਿਆ ਵੇ ।
ਤੇਰੇ ਲੱਗ ਕੇ ਪਿੱਛੇ ਸੁਨੱਖਿਆ ਵੇ
ਹੋਏ ਜੱਗ ਦੇ ਵਿੱਚ ਬਦਨਾਮ ਭਲਿਆ
ਤੇਰੇ ਚੁੰਮੀਏ ਹੱਥ ਸਾਡਾ ਹੱਜ ਹੋਵੇ
ਪੈਰੀਂ ਬੈਠੀਏ ਤਾਂ ਸਾਡਾ ਧਾਮ ਭਲਿਆ
ਤੇਰਾ ਦੇਖਿਆਂ ਮੁੱਖ ਸਵੇਰ ਹੁੰਦੀ
ਜੇ ਮੁੱਖ ਦਿਸੇ ਨਾ ਤਾਂ ਸਾਡੀ ਸ਼ਾਮ ਭਲਿਆ ।



ਨੀਲੂ ਜਰਮਨੀ

ਪੰਜਾਬ ਸਟਾਰ
www.punjabstar.com

# ਹਰੀ ਮਿਰਚ ਦੇ ਫਾਇਦੇ!



ਅੱਜ ਦੇ ਦੌਰ 'ਚ ਲੋਕ ਆਪਣੇ ਭਾਰ ਨੂੰ ਲੈ ਕੇ ਕਾਫੀ ਕੌਂਸ਼ੀਅਸ ਰਹਿਣ ਲੱਗੇ ਹਨ। ਲੋਕ ਕਈ ਤਰ੍ਹਾਂ ਦੀਆਂ ਡਾਈਟ ਫਾਲੋ ਕਰਦੇ ਹਨ। ਭਾਰ ਘਟਾਉਣ ਲਈ ਲੋਕਾਂ ਤੋਂ ਸਲਾਹ ਲੈਂਦੇ ਹੋਏ ਕਈ ਘਰੇਲੂ ਨੁਸਖੇ ਵੀ ਅਜ਼ਮਾਉਂਦੇ ਹਨ। ਜੇਕਰ ਤੁਸੀਂ ਵੀ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਅਜ਼ਮਾਇਆ ਹੈ ਤਾਂ ਅੱਜ ਅਸੀਂ ਤੁਹਾਨੂੰ ਹਰੀ ਮਿਰਚ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਭਾਰ ਘਟਾਉਣ ਤੋਂ ਇਲਾਵਾ ਇਹ ਹੋਰ ਬਿਮਾਰੀਆਂ 'ਚ ਵੀ ਫਾਇਦੇਮੰਦ ਹੈ। ਆਓ ਜਾਣਦੇ ਹਾਂ ਹਰੀ ਮਿਰਚ ਦੇ ਫਾਇਦੇ...

### ਹਰੀ ਮਿਰਚ 'ਚ ਬਹੁਤ ਸਾਰੇ ਪੋਸ਼ਕ ਤੱਤ

ਹਰੀ ਮਿਰਚ ਖਾਣ ਨਾਲ ਕੋਲੈਸਟ੍ਰੋਲ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ। ਇਹ ਵਿਟਾਮਿਨ ਸੀ, ਵਿਟਾਮਿਨ ਏ, ਆਇਰਨ ਤੇ ਫਾਈਬਰ ਵਰਗੇ ਕਈ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੀ ਹੈ। ਇਸ 'ਚ ਐਂਟੀਆਕਸੀਡੈਂਟ ਵੀ ਮੌਜੂਦ ਹੁੰਦੇ ਹਨ, ਜੋ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਆਪਣੀ ਖੁਰਾਕ 'ਚ ਹਰੀ ਮਿਰਚ ਨੂੰ ਸ਼ਾਮਲ ਕਰਨ ਨਾਲ ਅੱਖਾਂ, ਦਿਲ ਅਤੇ ਫੇਫੜਿਆਂ ਨੂੰ ਫਾਇਦਾ ਹੁੰਦਾ ਹੈ।

### ਭਾਰ ਘਟਾਉਣ 'ਚ ਮਦਦਗਾਰ

ਪੋਸ਼ਟਿਕ ਤੱਤਾਂ ਨਾਲ ਭਰਪੂਰ ਹਰੀ ਮਿਰਚ ਦਾ ਸੇਵਨ ਕਰਨ ਨਾਲ ਮੈਟਾਬੋਲਿਜ਼ਮ 'ਚ ਸੁਧਾਰ ਹੁੰਦਾ ਹੈ। ਇਸ ਕਾਰਨ ਇਹ ਭਾਰ ਘਟਾਉਣ 'ਚ ਕਾਰਗਰ ਹੁੰਦੀ ਹੈ। ਇਸ 'ਚ ਕੈਪਸਾਈਸਿਨ ਨਾਂ ਦਾ ਐਂਟੀਆਕਸੀਡੈਂਟ ਹੁੰਦਾ ਹੈ, ਜੋ ਸਰੀਰ 'ਚ ਗਰਮੀ ਵਧਾਉਂਦਾ ਹੈ ਜਿਸ ਨਾਲ ਬਲੱਡ ਸਰਕੁਲੇਸ਼ਨ 'ਚ ਸੁਧਾਰ ਹੁੰਦਾ ਹੈ। ਅਜਿਹੀ ਸਥਿਤੀ 'ਚ ਭੁੱਖ ਘੱਟ ਲਗਦੀ ਹੈ ਤੇ ਭਾਰ ਘਟਾਉਣ 'ਚ ਮਦਦ ਮਿਲਦੀ ਹੈ।

### ਬਲੱਡ ਸ਼ੂਗਰ 'ਚ ਫਾਇਦੇਮੰਦ

ਹਰੀ ਮਿਰਚ 'ਚ ਕੈਪਸਾਈਸਿਨ ਪਾਇਆ ਜਾਂਦਾ ਹੈ ਜੋ ਬਲੱਡ ਸ਼ੂਗਰ ਨੂੰ ਕੰਟਰੋਲ ਕਰਦਾ ਹੈ। ਅਜਿਹੇ 'ਚ ਡਾਇਬਟੀਜ਼ ਦੇ ਮਰੀਜ਼ਾਂ ਲਈ ਹਰੀ ਮਿਰਚ ਨੂੰ ਆਪਣੀ ਡਾਈਟ 'ਚ ਸ਼ਾਮਲ ਕਰਨਾ ਫਾਇਦੇਮੰਦ ਹੁੰਦਾ ਹੈ। ਤੁਸੀਂ ਰੋਜ਼ਾਨਾ ਆਪਣੀ ਖੁਰਾਕ ਵਿੱਚ 4-6 ਗ੍ਰਾਮ ਹਰੀ ਮਿਰਚ ਸ਼ਾਮਲ ਕਰ ਸਕਦੇ ਹੋ।

ਹਰੀ ਮਿਰਚ ਖਾਣ ਨਾਲ ਗੈਸ, ਐਸੀਡਿਟੀ ਤੇ ਬਦਹਜ਼ਮੀ ਨੂੰ ਵੀ ਠੀਕ ਕੀਤਾ ਜਾ ਸਕਦਾ ਹੈ। ਇਹ ਤੁਹਾਡੀ ਅੰਤੜੀਆਂ ਦੀ ਸਿਹਤ ਨੂੰ ਮਜ਼ਬੂਤ ਬਣਾਉਂਦਾ ਹੈ। ਇਸ ਨੂੰ ਲਿਮਟ 'ਚ ਖਾਣ ਦਾ ਖਾਸ ਧਿਆਨ ਰੱਖੋ ਕਿਉਂਕਿ ਰੋਜ਼ਾਨਾ 8-10 ਹਰੀਆਂ ਮਿਰਚਾਂ ਸਿਹਤ ਲਈ ਖਤਰਨਾਕ ਹਨ।

# ਹਰ ਰੋਜ਼ ਸਵੇਰੇ ਚਬਾਓ ਲਸਣ ਦੀਆਂ ਦੋ ਕਲੀਆਂ



ਲਸਣ ਕਿਸੇ ਵੀ ਸਬਜ਼ੀ ਦਾ ਸਵਾਦ ਵਧਾਉਣ ਦਾ ਕੰਮ ਕਰਦਾ ਹੈ। ਲਸਣ ਦੇ ਤਾਸੀਰ ਗਰਮ ਹੋਣ ਕਾਰਨ ਸਰਦੀਆਂ 'ਚ ਇਸਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕੀ ਤੁਸੀਂ ਜਾਣਦੇ ਹੋ ਕਿ ਲਸਣ ਨਾ ਸਿਰਫ ਖਾਣੇ ਦਾ ਸਵਾਦ ਵਧਾਉਂਦਾ ਹੈ ਸਗੋਂ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ। ਲਸਣ 'ਚ ਐਂਟੀ-ਮਾਈਕ੍ਰੋਬਾਇਲ ਗੁਣਾਂ ਦੇ ਨਾਲ-ਨਾਲ ਕਈ ਜ਼ਰੂਰੀ ਪੋਸ਼ਕ ਤੱਤ ਹੁੰਦੇ ਹਨ, ਜੋ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਅੱਜ ਅਸੀਂ ਤੁਹਾਨੂੰ ਲਸਣ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ...

### ਕੋਲੇਸਟ੍ਰੋਲ ਕੰਟਰੋਲ ਕਰੇ

ਅੱਜ ਦੇ ਦੌਰ 'ਚ ਜ਼ਿਆਦਾਤਰ ਲੋਕਾਂ ਨੂੰ ਕੋਲੈਸਟ੍ਰੋਲ ਵਧਣ ਦੀ ਸਮੱਸਿਆ ਹੈ ਜਿਸ ਕਾਰਨ ਹਾਰਟ ਅਟੈਕ ਤੇ ਸਟ੍ਰੋਕ ਦਾ ਖਤਰਾ ਵੱਧ ਜਾਂਦਾ ਹੈ। ਲਸਣ ਕੋਲੈਸਟ੍ਰਾਲ ਨੂੰ ਵਧਣ ਤੋਂ ਰੋਕਦਾ ਹੈ। ਇਸ 'ਚ ਮੌਜੂਦ ਐਂਟੀ-ਆਕਸੀਡੈਂਟ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ, ਇਸ ਲਈ ਲਸਣ ਦਾ ਸੇਵਨ ਕੋਲੈਸਟ੍ਰੋਲ ਨੂੰ ਕੰਟਰੋਲ 'ਚ ਰੱਖਣ 'ਚ ਕਾਰਗਰ ਹੈ।

### ਇਨਫਰਟਿਲਟੀ 'ਚ ਵੀ ਮਦਦਗਾਰ

ਇਨਫਰਟਿਲਟੀ ਨਾਲ ਜੂਝ ਰਹੇ ਮਰਦਾਂ ਨੂੰ ਲਸਣ ਖਾਣਾ ਚਾਹੀਦਾ ਹੈ। ਲਸਣ ਪੁਰਸ਼ਾਂ ਦੀ ਸੈਕਸ ਡਰਾਈਵ ਵਧਾਉਣ 'ਚ ਮਦਦ ਕਰਦਾ ਹੈ। ਇਹ ਇਨਫਰਟਿਲਟੀ ਦੇ ਜੋਖ਼ਮ ਨੂੰ ਘਟਾਉਂਦਾ ਹੈ।

### ਗਠੀਏ ਦੇ ਦਰਦ ਤੋਂ ਰਾਹਤ


ਲਸਣ ਗਠੀਆ ਵਰਗੀ ਬਿਮਾਰੀ 'ਚ ਵੀ ਰਾਹਤ ਦਿਵਾਉਣ 'ਚ ਮਦਦ ਕਰਦਾ ਹੈ। ਇਸ 'ਚ ਮੌਜੂਦ ਐਂਟੀ-ਇੰਫਲੇਮੇਟਰੀ ਗੁਣ ਸੋਜ ਘਟਾਉਣ 'ਚ ਮਦਦਗਾਰ ਹੁੰਦੇ ਹਨ। ਜੇਕਰ ਇਸ ਬਿਮਾਰੀ ਤੋਂ ਪੀੜਤ ਲੋਕ ਰੋਜ਼ਾਨਾ ਲਸਣ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਨੂੰ ਕਾਫੀ ਰਾਹਤ ਮਿਲਦੀ ਹੈ।

### ਬਲੱਡ ਪ੍ਰੈਸ਼ਰ ਕਰੇ ਕੰਟਰੋਲ

ਹਾਈ ਬੀਪੀ ਦੇ ਮਰੀਜ਼ਾਂ ਲਈ ਵੀ ਲਸਣ ਦਾ ਸੇਵਨ ਲਾਭਦਾਇਕ ਹੈ। ਇਸ 'ਚ ਐਲੀਸਿਨ ਮੌਜੂਦ ਹੁੰਦਾ ਹੈ ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ। ਅਜਿਹੇ ਮਰੀਜ਼ਾਂ ਨੂੰ ਰੋਜ਼ਾਨਾ ਆਪਣੀ ਖੁਰਾਕ 'ਚ ਲਸਣ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

# ਸੈਲਫ-ਕੇਅਰ ਨੂੰ ਹਿੱਸਾ ਬਣਾ ਲਵੋ ਜ਼ਿੰਦਗੀ ਦਾ

"ਸੇਲਫ-ਕੇਅਰ ਪਰਿਵਾਰ ਦੀ ਖੁਸ਼ੀ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਹੈ" ਵੱਧ ਰਹੀਆਂ ਬਿਮਾਰੀਆਂ ਤੋਂ ਬਚਾਅ ਲਈ ਹੈਲਦੀ ਮਨ ਅਤੇ ਸਰੀਰ ਲਈ ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ" - ਅਨਿਲ ਧੀਰ ਕਾਲਮਨਿਸਟ, ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

**ਹੈਲਥ ਮੀਡੀਆ ਕੈਨੇਡਾ :** 24 ਜੁਲਾਈ ਹਰ ਸਾਲ ਅੰਤਰਰਾਸ਼ਟਰੀ ਸੇਲਫ-ਕੇਅਰ ਦਿਨ ਦੇ ਤੌਰ ਤੇ ਮਨਾਇਆ ਗਿਆ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਅਧਾਰ ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਅਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਸਲਾਹ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ ਵਿਚ ਇਸ ਦਿਨ ਸਰਕਾਰੀ-ਗੈਰ ਸਰਕਾਰੀ ਪੱਧਰ ਤੇ ਲੋਕਾਂ ਨੂੰ ਸਰੀਰਕ, ਮਾਨਸਿਕ ਤੇ' ਭਾਵਨਾਤਮਕ ਤੌਰ ਤੇ ਫਿਟ ਰਹਿਣ ਲਈ ਅਵੇਅਰ ਕੀਤਾ ਜਾਂਦਾ ਹੈ। ਤੇਜ਼ ਰਫਤਾਰ ਜ਼ਿੰਦਗੀ ਦੌਰਾਣ ਹਰ ਆਦਮੀ ਨੂੰ ਪੂਰਾ ਸਾਲ ਰੋਗਾਂ ਤੋਂ ਬਚਾਅ ਦੇ ਤਰੀਕੇ ਵਰਤ ਕੇ ਖੁੱਦ ਦਾ ਪਰਿਵਾਰ ਤੇ ਸਮਾਜ ਦਾ ਰੱਲ-ਮਿਲ ਕੇ ਖਿਆਲ ਰੱਖਣਾ ਚਾਹੀਦਾ ਹੈ।

* ਮੈਡੀਸਨ ਐਂਡ ਸਾਇੰਸ ਇਨ ਸਪੋਰਟਸ ਦੀ ਸਟਡੀ ਮੁਤਾਬਿਕ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਵੱਧ ਰਹੀਆਂ ਤੋਂ ਬੀਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਰੌਜਾਨਾਂ ਇਸਤੇਮਾਲ ਕਰਨ ਨਾਲ ਹੱਡੀਆਂ ਮਜਬੂਤ ਤੇ ਬਾਡੀ-ਬੈਲੇਂਸ ਬਣਿਆ ਰਹਿੰਦਾ ਹੈ।

ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿਨਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।

ਜੌਬਸ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਨਾਲ ਰਾਤ ਹੈਵੀ-ਡਿਨਰ ਤੇ ਜਾਗਣ ਦੀ ਆਦਤ ਵੀ ਬਦਲ ਦਿਓ। 7 ਤੋਂ 8 ਘੰਟੇ ਦੀ ਨੀਂਦ ਲਈ ਖੁਰਾਕ ਵਿਚ ਘੱਟ ਕੈਲੋਰੀ ਵਾਲੇ ਪਦਾਰਥ, ਸਾਈਟਰਸ ਫ੍ਰੁਟ, ਗਰਮ ਪਾਣੀ ਤੇ ਦੁੱਧ ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸੀਅਮ ਅਤੇ ਮੇਗਨੀਸਿਅਮ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰ ਦਿਓ।

ਦਿਨ ਭਰ ਦੀ ਤਾਜ਼ਗੀ, ਅਨਰਜੀ ਅਤੇ ਬਾਡੀ ਟੈਂਪਰੇਚਰ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਿਕ ਗਰਮਸ਼ਾਵਰ ਤੇ ਆਖਰੀ ਇੱਕ ਮਿਨਟ ਠੰਢਾ ਸ਼ਾਵਰ ਲਵੋ। ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜਾਨਾਂ 8-10 ਗਿਲਾਸ ਪੀਓ ਅਤੇ ਕੰਮ ਦੋਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।

* ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ। ਵੱਧ ਕੋਲੇਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
* ਰਸੋਈ ਵਿੱਚੋਂ ਕੁਕੀ-ਬਿਸਕੁਟ, ਮਿਠਾਈ, ਰੱਸ, ਕੇਕ ਤੇ ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ ਫਲਾਂ ਵਿਚ ਕੇਲਾ, ਸੇਵ, ਰੋਸਟਿਡ ਚਿੱਕ-ਪੀ (ਛੋਲੇ), ਪੰਪਕਿਨ ਤੇ ਸਨਫਲਾਵਰ ਸੀਡਜ਼, ਮਿਕਸ ਨਟਸ, ਕੱਚੀ ਮੁੰਗਫਲੀ, ਬਾਦਾਮ, ਕਾਜੂ, ਅਖਰੌਟ ਨੂੰ ਸ਼ਾਮਿਲ ਕਰੋ।
* ਚੰਗੀ ਯਾਦਸ਼ਕਤੀ ਤੇ ਲੰਬੀ ਜ਼ਿੰਦਗੀ ਜੀਉਣ ਲਈ, ਹੋ ਸਕੇ ਤਾਂ ਲੰਚ ਤੋਂ ਬਾਅਦ 20 ਮਿਨਟ ਦੀ ਸੈਰ ਕਰੋ। ਤਾਜ਼ਗੀ ਦੇ ਨਾਲ ਸਰੀਰ ਤੇ ਮਨ ਨੂੰ ਤਾਕਤ ਮਿਲਦੀ ਹੈ।
* ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ ਵਿਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ ਸਿਰਫ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨੀ ਆਰਾਮ ਦੇਣ। ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਆਪ ਨੂੰ ਭਵਿੱਖ ਵਿਚ ਹੋਣ ਵਾਲੇ ਅੱਖਾਂ ਦੇ ਰੌਗਾਂ ਤੋਂ ਬਚਾਅ ਕਰਨ।
* ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੌਜਾਨਾਂ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
* ਹਰ ਦੂਜਾ ਆਦਮੀ ਆਪਣੀ ਜੌਬ ਅਤੇ ਆਸਪਾਸ ਦੇ ਹਾਲਾਤਾਂ ਕਾਰਨ ਸਟ੍ਰੈਸ ਯਾਨੀ ਮਾਨਸਿਕ ਤਨਾਅ ਦਾ ਸ਼ਿਕਾਰ ਹੋਣ ਕਰਕੇ ਸੋਚਣ ਸਮਝਣ ਦੀ ਤਾਕਤ ਵੀ ਘੱਟਾ ਰਹਾ ਹੈ। ਸਟ੍ਰੈਸ ਨੂੰ ਘੱਟ ਕਰਨ ਵਾਲਾ ਹਾਰਮੋਨ ਕੋਰਟੀਸੋਲ ਦੇ ਪ੍ਰਾਪਰ ਲੈਵਲ ਲਈ ਘਰ ਤੋਂ ਬਾਹਰ ਫੈਮਿਲੀ ਨਾਲ ਸ਼ਾਂਤ ਹਰਿਆਲੀ ਵਾਲੇ ਸਥਾਨ ਕੁਝ ਘੰਟੇ ਜ਼ਰੂਰ ਬਿਤਾਓ।
* ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ।
* ਅੱਜ ਇਨਸਾਨ ਤਨਾਅ ਭਰੀ ਜ਼ਿੰਦਗੀ ਵਿਚ ਹੱਸਣਾ ਭੁੱਲ ਗਿਆ ਹੈ। ਤੁਸੀਂ ਘਰ ਅੰਦਰ ਪਰਿਵਾਰ, ਬਾਹਰ ਦੋਸਤਾਂ ਨਾਲ ਅਤੇ ਹਾਸੇ ਦੇ ਟੀ ਵੀ ਸ਼ੋਅ ਵਾਚ ਕਰੋ। ਖੁੱਲ੍ਹ ਕੇ ਹੱਸਣ ਨਾਲ ਦਿਮਾਗ ਐਂਡ੍ਰੋਫਿਨ ਹਾਰਮੋਨ ਰੀਲੀਜ਼ ਕਰਦਾ ਹੈ। ਹਾਸਾ ਮਾਨਸਿਕ ਤੋਰ ਤੇ ਰਿਸ਼ਤਿਆਂ ਨੂੰ ਮਜਬੂਤ ਕਰਦਾ ਹੈ।
* ਇਕੱਲਾਪਨ ਦੂਰ ਕਰਨ ਲਈ ਹੋ ਸਕੇ ਤਾਂ ਅਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।
* ਕੀ ਕਰਨਾ ਚਾਹੁੰਦੇ ਹੋ, ਕੀ ਕਰ ਸਕਦੇ ਹੋ, ਨੂੰ ਪਲੈਨ ਕਰੋ ਜ਼ਿੰਦਗੀ ਬੇਹਤਰ ਜੀਉਣ ਲਈ ਆਪਣੇ ਟੀਚਿਆਂ ਬਾਰੇ ਸੋਚੋ ਤੇ ਐਕਸ਼ਨ ਲਵੋ। ਤੁਹਾਡਾ ਸਹੀ ਪਲੈਨ ਹੀ ਜ਼ਿੰਦਗੀ ਬਦਲ ਦੇਵੇਗਾ।
* ਭੁੱਖ ਲਗਣ ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।

INTERNATIONAL SELF- CARE DAY 2024




* ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈਡ ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ ਤੇ ਬੈਡ ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।

**ਨੋਟ :** ਵਿਸ਼ਵ ਭਰ ਵਿੱਚ ਤੇਜ਼ੀ ਨਾਲ ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਣ ਅਤੇ ਤੰਦਰੁਸਤੀ ਲਈ ਘਰ ਦੇ ਅੰਦਰ ਦੀ ਤੇ ਆਪਣੇ ਸਰੀਰ 'ਤੇ ਮਨ ਦੀ ਸਫਾਈ ਦਾ ਪੂਰਾ ਖਿਆਲ ਰੱਖੋ। ਹਮੇਸ਼ਾ ਆਪਣੇ ਹੱਥਾਂ ਨੂੰ ਸਾਬਨ ਨਾਲ ਰਗੜ ਕੇ ਸਾਫ ਕਰਕੇ ਸੈਨੀਟਾਈਜ਼ਰ ਦੀ ਵਰਤੋਂ ਕਰੋ। ਘਰ ਤੋਂ ਬਾਹਰ ਮਾਸਕ ਅਤੇ ਗਲਬਸ ਦਾ ਇਸਤੇਮਾਲ ਕਰਕੇ ਖੁਦ ਨੂੰ ਅਤੇ ਸਾਹਮਣੇ ਵਾਲੇ ਨੂੰ ਬਚਾ ਕੇ ਹੈਪੀ ਲਾਈਫ ਜੀਓ।












# ਰਾਸ਼ੀਫਲ

**ਮੇਖ :** ਲੰਬੀ ਬਿਮਾਰੀ ਨੂੰ ਨਜ਼ਰਅੰਦਾਜ ਨਾ ਕਰੋ ਨਹੀਂ ਤਾਂ ਅੱਗੇ ਜਾ ਕੇ ਵੱਡੀ ਸਮੱਸਿਆ ਖੜੀ ਹੋ ਸਕਦਾ ਹੈ। ਅਚਾਨਕ ਆਏ ਖਰਚੇ ਆਰਥਿਕ ਬੋਝ ਵਧਾ ਸਕਦੇ ਹਨ ਸਭ ਨੂੰ ਆਪਣੀ ਮਹਿਫਿਲ ਵਿਚ ਦਾਵਤ ਦੇਵੋ। ਕਿਉਂ ਕਿ ਅੱਜ ਤੁਹਾਡੇ ਕੋਲ ਜ਼ਿਆਦਾ ਉਰਜਾ ਹੈ ਜੋ ਤੁਹਾਨੂੰ ਕਿਸੇ ਪਾਰਟੀ ਜਾ ਕੰਮਕਾਰ ਦਾ ਆਯੋਜਨ ਕਰਨ ਦੇ ਲਈ ਪ੍ਰੇਰਿਤ ਕਰੇਗੀ। ਇਹ ਦਿਨ ਖੁਸ਼ੀ ਭਰਿਆ ਅਤੇ ਜ਼ਿੰਦਾ ਦਿਲੀ ਦੇ ਨਾਲ ਕੁਝ ਖਾਸ ਸੰਦੇਸ਼ ਵੀ ਦੇਵੇਗਾ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਤੁਹਾਨੂੰ ਅੱਜ ਲੋਕਾਂ ਨਾਲ ਗੱਪੇ ਮਾਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂ ਕਿ ਇਹ ਤੁਹਾਡਾ ਬਹੁਤਾ ਸਮਾਂ ਖਾਂਦਾ ਹੈ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋਂ ਵੱਧ ਦਿਖਾਉਣਗੀਆਂ।

**ਬ੍ਰਿਸ਼ਭ :** ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਅੱਜ ਤੁਹਾਨੂੰ ਸਮਝ ਆ ਸਕਦਾ ਹੈ ਕਿ ਪੈਸੇ ਦੀ ਕੀ ਕੀਮਤ ਹੈ ਅਤੇ ਇਸ ਨੂੰ ਫਜ਼ੂਲ ਚੀਜਾਂ ਤੇ ਖਰਚਣ ਨਾਲ ਭਵਿੱਖ ਵਿਚ ਤੁਹਾਨੂੰ ਕਿੰਨਾ ਨੁਕਸਾਨ ਹੋ ਸਕਦਾ ਹੈ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਆਪਣੀ ਖਿੜਕੀ ਤੇ ਫੁੱਲ ਰੱਖ ਕੇ ਆਪਣੇ ਪਿਆਰ ਦਾ ਇਜ਼ਹਾਰ ਕਰੋ। ਨਵੀਂ ਸਾਂਝੀਦਾਰੀ ਅੱਜ ਦੇ ਦਿਨ ਲਾਭਦਾਇਕ ਰਹੇਗੀ। ਅੱਜ ਤੁਸੀ ਇਸ ਤਰਾਂ ਵਿਵਹਾਰ ਕਰੋਂਗੇ ਕਿ ਤੁਸੀ ਸਟਾਰ ਹੋ ਪਰੰਤੂ ਉਨਾਂ ਚੀਜਾਂ ਦੀ ਪ੍ਰੰਸਸਾ ਕਰੋ ਜੋ ਉਸ ਦੇ ਕਾਬਿਲ ਹਨ। ਤੁਹਾਡਾ ਜੀਵਨਸਾਥੀ ਤੁਹਾਨੂੰ ਇਨਾਂ ਬੇਹਤਰੀਨ ਪਹਿਲਾਂ ਕਦੀ ਨਜ਼ਰ ਨਹੀਂ ਆਇਆ ਤੁਹਾਨੂੰ ਉਸ ਕੋਲੋਂ ਕੋਈ ਵਧੀਆ ਸਰਪਰਾਈਜ਼ ਮਿਲ ਸਕਦਾ ਹੈ।

**ਮਿਥੁਨ :** ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਹਿੰਮਤ ਨਾ ਹਾਰੋ ਅਤੇ ਇੱਛਚ ਫਲ ਪਾਉਣ ਦੇ ਲਈ ਸਖਤ ਮਿਹਨਤ ਕਰੋ। ਇਨਾਂ ਨਾਕਮੀਆਂ ਨੂੰ ਤਰੱਕੀ ਦਾ ਆਧਾਰ ਬਣਾਉ। ਮੁਸ਼ਕਿਲ ਘੜੀ ਵਿਚ ਰਿਸ਼ਤੇਦਾਰ ਵੀ ਕੰਮ ਆਉਣਗੇ। ਵਾਧੂ ਪੈਸੇ ਨੂੰ ਰਿਅਲ ਅਸਟੇਟ ਵਿਚ ਨਿਵੇਸ਼ ਕੀਤਾ ਜਾ ਸਕਦਾ ਹੈ। ਤੁਹਾਡੀ ਭਰਪੂਰ ਉਰਜਾ ਅਤੇ ਜ਼ਬਰਦਸਤ ਉਤਸ਼ਾਹ ਸਾਕਾਰਾਤਮਕ ਪਰਿਣਾਮ ਲਿਆਉਂਗੇ ਅਤੇ ਘਰੇਲੂ ਤਣਾਅ ਦੂਰ ਕਰਨ ਲਈ ਮਦਦਗਾਰ ਰਹੋਂਗੇ। ਤੁਹਾਡਾ ਪ੍ਰੇਮੀ ਅੱਜ ਕੁਝ ਖਿਝਿਆ ਹੋਇਆ ਮਹਿਸੂਸ ਕਰ ਸਕਦਾ ਹੈ ਜੋ ਤੁਹਾਡੇ ਦਿਮਾਗ ਤੇ ਬੋਝ ਹੋਰ ਵਧਾ ਦੇਵੇਗਾ। ਛੋਟੇ ਕਾਰੋਬਾਰੀਆਂ ਨੂੰ ਅੱਜ ਇਸ ਰਾਸ਼ੀ ਚਿੰਨ੍ਹ ਤੋਂ ਘਾਟਾ ਹੋ ਸਕਦਾ ਹੈ ਹਾਲਾਂ ਕਿ ਤੁਹਾਨੂੰ ਘਬਰਾਉਣ ਦੀ ਲੋੜ ਨਹੀਂ ਹੈ ਜੇਕਰ ਤੁਸੀ ਸਹੀ ਮਿਹਨਤ ਕਰ ਰਹੇ ਹੋ ਅਤੇ ਕੋਸ਼ਿਸ਼ਾਂ ਨੂੰ ਸਹੀ ਦਿਸ਼ਾ ਵਿਚ ਲਗਾ ਰਹੇ ਹੋ ਇਸ ਤਰਾਂ ਤੁਹਾਨੂੰ ਨਿਸ਼ਚਿਤ ਤੌਰ 'ਤੇ ਚੰਗੇ ਨਤੀਜੇ ਪ੍ਰਾਪਤ ਹੋਣਗੇ। ਤੁਸੀਂ ਆਪਣੇ ਸੀਨੀਅਰ ਨੂੰ ਅਨੇਕਾਂ ਅਧੂਰੇ ਕਾਰਜਾਂ ਨੂੰ ਸਹਿਣ ਕਰ ਸਕਦੇ ਹੋ ਜਿਸ ਦਾ ਤੁਹਾਡੇ ਦੁਆਰਾ ਪਿਛਲੇ ਸਮੇਂ ਵਿਚ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ ਅੱਜ ਤੁਹਾਡਾ ਖਾਲੀ ਸਮਾਂ ਤੁਹਾਡੇ ਦਫਤਰ ਦੇ ਕੰਮ ਕਰਨ ਵਿਚ ਬਤੀਤ ਕਰੇਗਾ। ਜੇਕਰ ਤੁਹਾਡੇ ਜੀਵਨ ਸਾਥੀ ਦੀ ਸਿਹਤ ਦੇ ਚਲਦੇ ਕਿਸੇ ਨਾਲ ਮਿਲਣ ਦੀ ਯੋਜਨਾ ਰੱਦ ਹੋ ਜਾਵੇ ਤਾਂ ਚਿੰਤਾ ਨਾ ਕਰੋ ਤੁਸੀ ਨਾਲ ਜਿਆਦਾ ਸਮਾਂ ਗੁਜ਼ਾਰ ਸਕੋਂਗੇ।

**ਕਰਕ :** ਤੁਹਾਡਾ ਸਪਸ਼ਟ ਅਤੇ ਨਿਡਰ ਨਜ਼ਰੀਆ ਤੁਹਾਡੇ ਦੋਸਤ ਦੇ ਵਿਅਰਥ ਠੇਸ ਪਹੁੰਚਾ ਸਕਦਾ ਹੈ। ਅੱਜ ਤੁਹਾਡੀ ਕੋਈ ਚਲ ਸੰਪਤੀ ਚੋਰੀ ਹੋ ਸਕਦੀ ਹੈ ਇਸ ਲ਼ਈ ਜਿੰਨਾਂ ਹੋ ਸਕੇ ਇਸ ਦਾ ਧਿਆਨ ਰੱਖੋ। ਜੇਕਰ ਤੁਸੀ ਹਰ ਇਕ ਦੀ ਮੰਗ ਪੂਰੀ ਕਰਨ ਦਾ ਕੋਸ਼ਿਸ਼ ਕਰੋਂਗੇ ਤਾਂ ਤੁਹਾਨੂੰ ਵੱਖੋ ਵੱਖਰੀਆਂ ਦਿਸ਼ਾਵਾਂ ਵਿਚ ਪਾ ਦਿੱਤਾ ਜਾਵੇਗਾ। ਪਿਆਰ ਦੇ ਮਾਮਲਿਆਂ ਵਿਚ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕਰੋ। ਕੈਰੀਅਰ ਦੀਆਂ ਬਿਹਤਰੀ ਲਈ ਕੀਤੀ ਗਈ ਯਾਤਰਾ ਪੂਰੀ ਹੋ ਸਕਦੀ ਹੈ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਾਪਿਆ ਦੀ ਇਜ਼ਾਜਤ ਲਵੋ ਨਹੀਂ ਤਾਂ ਬਾਅਦ ਵਿਚ ਇਤਰਾਜ਼ ਕਰ ਸਕਦੇ ਹਨ। ਅੱਜ ਆਪਣੇ ਖਾਲੀ ਸਮੇਂ ਦਾ ਇਸਤੇਮਾਲ ਘਰ ਦੇ ਛੋਟਿਆਂ ਦੇ ਨਾਲ ਗੱਲਬਾਤ ਕਰਕੇ ਚੰਗਾ ਸਮਾਂ ਬਤੀਤ ਕਰ ਸਕਦੇ ਹੋ। ਜੀਵਨ ਸਾਥੀ ਦੁਆਰਾ ਪਰਿਵਾਰ ਅਤੇ ਦੋਸਤ ਦੇ ਵਿਚ ਨਾਕਾਰਤਮਕ ਤਰੀਕੇ ਨਾਲ ਤੁਹਾਡੇ ਵਿਆਹੁਤ ਜੀਵਨ ਦੀਆਂ ਨਿੱਜੀ ਗੱਲਾਂ ਉਜਾਗਰ ਹੋ ਸਕਦੀਆਂ ਹਨ।

**ਸਿੰਘ :** ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਰਿਅਲ ਅਸਟੇਟ ਸਬੰਧੀ ਨਿਵੇਸ਼ ਤੁਹਾਨੂੰ ਚੰਗਾ ਮੁਨਾਫਾ ਦੇਵੇਗਾ। ਪਰਿਵਾਰ ਦੇ ਮੈਂਬਰਾਂ ਦੀ ਚੰਗੀ ਸਲਾਹ ਅੱਜ ਤੁਹਾਡੇ ਲਈ ਲਾਭਦਾਇਕ ਸਿੱਧ ਹੋਵੇਗੀ। ਯਾਤਰਾ ਦੇ ਚਲਦੇ ਰੋਮਾਂਟਿਕ ਸੰਬੰਧਾਂ ਨੂੰ ਵਾਧਾ ਮਿਲੇਗਾ।ਅੱਜ ਦਫ਼ਤਰ ਵਿਚ ਤੁਹਾਨੂੰ ਵਧੀਆ ਨਤੀਜਾ ਨਹੀਂ ਮਿਲੇਗਾ ਕੋਈ ਨੇੜਲਾ ਅੱਜ ਤੁਹਾਡੇ ਨਾਲ ਧੋਖਾ ਕਰ ਸਕਦਾ ਹੈ ਜਿਸ ਦੀ ਵਜਾਹ ਨਾਲ ਤੁਸੀ ਦਿਨ ਭਰ ਪਰੇਸ਼ਾਨ ਰਹਿ ਸਕਦੇ ਹੋ। ਕਾਰੋਬਾਰੀ ਕੰਮਕਾਰ ਦੇ ਸਿਲਸਿਲੇ ਵਿਚ ਕੀਤੀ ਗਈ ਯਾਤਰਾ ਲਾਭਦਾਇਕ ਸਾਬਿਤ ਹੋਵੇਗੀ। ਤੁਹਾਡਾ ਜੀਵਨ ਸਾਥੀ ਅੱਜ ਤੁਹਾਨੂੰ ਖੁਸ਼ਹਾਲ ਬਣਾਉਣ ਲਈ ਅੱਜ ਬਹੁਤ ਸਾਰੀਆਂ ਕੋਸ਼ਿਸ਼ਾਂ ਕਰੇਗਾ।

**ਕੰਨਿਆ:** ਆਪਣੀਆਂ ਨਾਕਾਰਾਤਮਕ ਭਾਵਨਾਵਾਂ ਅਤੇ ਬਿਰਤੀਆਂ ਨੂੰ ਕਾਬੂ ਵਿੱਚ ਰੱਖੋ ਤੁਹਾਡੀ ਰੂੜ੍ਹਵਾਦੀ ਸੋਚ ਪੁਰਾਣੇ ਖਿਆਲ ਤੁਹਾਡੀ ਪ੍ਰਗਤੀ ਵਿਚ ਅੜਚਣ ਬਣ ਸਕਦੀ ਹੈ ਉਸ ਦੀ ਦਿਸ਼ਾ ਬਦਲ ਸਕਦੇ ਹੋ ਅਤੇ ਤੁਹਾਨੂੰ ਰਾਹ ਵਿੱਚ ਅੱਗੇ ਕਈਂ ਮੁਸ਼ਕਿਲਾਂ ਖੜੀ ਕਰ ਸਕਦੀ ਹੈ। ਤੁਹਾਡਾ ਕੋਈ ਪੁਰਾਣਾ ਦੋਸਤ ਅੱਜ ਕਾਰੋਬਾਰ ਵਿਚ ਲਾਭ ਕਮਾਉਣ ਦੇ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ ਜੇਕਰ ਇਸ ਸਲਾਹ ਨੂੰ ਤੁਸੀ ਮੰਨਦੇ ਹੋ ਤਾਂ ਤੁਹਾਨੂੰ ਲਾਭ ਜਰੂਰ ਹੋਵੇਗਾ। ਦੋਸਤ ਨੂੰ ਆਪਣੇ ਉਦਾਰ ਸੁਭਾਅ ਦਾ ਗਲਤ ਫਾਇਦਾ ਨਾ ਉਠਾਉਣ ਦਿਉ। ਤੁਹਾਨੂੰ ਭਾਵਨਾਤਮਕ ਮੁਸ਼ਕਿਲ ਪਰੇਸ਼ਾਨ ਕਰ ਸਕਦੀ ਹੈ। ਆਪਣੇ ਕੰਮ ਵਿਚ ਤੇਜੀ ਲਿਆਉਣ ਦੇ ਲਈ ਤੁਸੀ ਤਕਨੀਕ ਨਾਲ ਜੁੜੀ ਚੀਜਾਂ ਵਿਚ ਨਿਵੇਸ਼ ਕਰ ਸਕਦੇ ਹੋ। ਆਪਣੀ ਰੁਝੇਵਿਆਂ ਭਰੀ ਜਿੰਦਗੀ ਦੇ ਵਿਚਕਾਰ ਤੁਸੀ ਆਪਣੇ ਲਈ ਅੱਜ ਕਾਫੀ ਸਮਾਂ ਪ੍ਰਾਪਤ ਕਰੋਂਗੇ ਅਤੇ ਆਪਣੀਆਂ ਮਨਪਸੰਦ ਚੀਜਾਂ ਕਰਨ ਦੇ ਯੋਗ ਹੋਵੋਂਗੇ। ਤੁਹਾਡੇ ਜੀਵਨ ਸਾਥੀ ਦੀ ਵਜਾਹ ਨਾਲ ਤੁਹਾਡੀ ਪ੍ਰਤੀਸ਼ਠਾ ਥੋੜੀ ਠੇਸ ਪਹੁੰਚ ਸਕਦੀ ਹੈ।

**ਤੁਲਾ :** ਤੁਸੀਂ ਮਹਿਸੂਸ ਕਰੋਂਗੇ ਕਿ ਆਸ ਪਾਸ ਦੇ ਲੋਕ ਬਹੁਤ ਜ਼ਿਆਦਾ ਮੰਗ ਕਰਨੇ ਵਾਲੇ ਹਨ ਪਰੰਤੂ ਜਿੰਨਾਂ ਤੁਸੀ ਕਰ ਸਕਦੇ ਹੋ ਉਸ ਤੋਂ ਜਿਆਦਾ ਕਰਨ ਦਾ ਵਾਧਾ ਨਾ ਕਰੋ ਅਤੇ ਕੇਵਲ ਦੂਜਿਆਂ ਨੂੰ ਖੁਸ਼ ਕਰਨ ਲਈ ਖੁਦ ਨੂੰ ਤਣਾਅ ਤੋਂ ਨਾ ਥਕਾਉ। ਸੰਭਵ ਹੈ ਕਿ ਅੱਜ ਤੁਹਾਨੂੰ ਪੈਸੇ ਨਾਲ ਜੁੜੀ ਕੋਈ ਮੁਸ਼ਕਿਲ ਆ ਸਕਦੀ ਹੈ ਪਰ ਇਸ ਦੇ ਨਾਲ ਤੁਹਾਡੀ ਸਮਝਦਾਰੀ ਅਤੇ ਸੂਝ ਨਾਲ ਤੁਸੀ ਮੇਜ ਨੂੰ ਬਦਲ ਸਕਦੇ ਹੋ ਅਤੇ ਘਾਟੇ ਨੂੰ ਲਾਭ ਵਿਚ ਬਦਲ ਸਕਦੇ ਹੋ। ਘਰੇੱਲੂ ਮੋਰਚੇ ਤੇ ਮੁਸ਼ਕਿਲ ਖੜੀ ਹੋ ਸਕਦੀ ਹੈ ਇਸ ਲਈ ਧਿਆਨ ਰੱਖੋ ਕਿ ਤੁਸੀ ਕੀ ਕਹਿੰਦੇ ਹੋ। ਅੱਜ ਪਿਆਰ ਵਿਚ ਆਪਣੀ ਵਿਵੇਕ ਸ਼ਕਤੀ ਦੀ ਵਰਤੋ ਕਰੋ। ਅਜਿਹੇ ਕੰਮਾਂ ਵਿਚ ਸ਼ਾਮਿਲ ਹੋਵੋ ਜੋ ਰਚਨਾਤਮਕ ਪ੍ਰਕਿਤੀ ਦੇ ਹਨ। ਤੁਸੀ ਆਪਣੇ ਖਾਲੀ ਸਮੇਂ ਵਿਚ ਆਪਣਾ ਪਸੰਦੀਦਾ ਕੰਮ ਕਰਨਾ ਪਸੰਦਾ ਕਰਦੇ ਹੋ ਅੱਜ ਵੀ ਤੁਸੀ ਅਜਿਹਾ ਹੀ ਕੁਝ ਕਰਨ ਦੀ ਸੋਚੋਂਗੇ ਪਰੰਤੂ ਕਿਸੇ ਸਖਸ਼ ਦੇ ਘਰ ਵਿਚ ਆਉਣ ਦੀ ਵਜਾਹ ਨਾਲ ਤੁਹਾਡੀ ਇਹ ਯੋਜਨਾ ਰੱਦ ਹੋ ਸਕਦੀ ਹੈ। ਤੁਹਾਡੇ ਸਾਥੀ ਦਾ ਸ਼ੱਕ ਇਕ ਵੱਡੀ ਲੜਾਈ ਵੱਲ ਵੱਧ ਸਕਦਾ ਹੈ।

**ਬ੍ਰਿਸ਼ਚਕ :** ਸ਼ੱਕੀ ਸੁਭਾਅ ਦੇ ਚੱਲਦੇ ਤੁਹਾਨੂੰ ਹਾਰ ਦਾ ਮੂੰਹ ਦੇਖਣਾ ਪੈ ਸਕਦਾ ਹੈ ਤੁਹਾਡੇ ਘਰ ਨਾਲ ਜੁੜਿਆ ਨਿਵੇਸ਼ ਲਾਭਦਾਇਕ ਰਹੇਗਾ। ਰਿਸ਼ਤੇਦਾਰਾਂ ਦੇ ਨਾਲ ਛੋਟੀ ਯਾਤਰਾ ਤੁਹਾਡੇ ਭੱਜਦੋੜ ਭਰੇ ਦਿਨ ਵਿਚ ਆਰਾਮ ਅਤੇ ਸਕੂਨ ਦੇਣ ਵਾਲੀ ਸਾਬਿਤ ਹੋਵੇਗੀ। ਆਪਣੇ ਪਿਆਰ ਤੋਂ ਦੂਰ ਰਹਿਣ ਦੇ ਬਾਵਜੂਦ ਤੁਸੀ ਉਸਦੀ ਮੌਜੂਦਗੀ ਮਹਿਸੂਸ ਕਰੋਂਗੇ। ਜੇਕਰ ਕੰਮਕਾਰ ਦੀ ਗੱਲ ਕਰੋ ਤਾਂ ਤੁਹਾਡੀ ਟੀਮ ਦਾ ਸਭ ਤੋਂ ਖਿੱਝਣ ਵਾਲਾ ਵਿਅਕਤੀ ਕਾਫੀ ਸਮਝਦਾਰੀ ਦੀਆਂ ਗੱਲਾਂ ਕਰ ਸਕਦਾ ਹੈ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਇਹ ਦਿਨ ਤੁਹਾਡੇ ਸਮਾਨਯ ਵਿਵਾਹਿਕ ਜੀਵਨ ਵਿਚ ਦਿਲਚਸਪ ਹੋ ਸਕਦਾ ਹੈ ਤੁਸੀ ਅੱਜ ਸੱਚਮੁਚ ਅਸਾਧਾਰਣ ਚੀਜ ਨੂੰ ਅਨੁਭਵ ਕਰੋਂਗੇ।

**ਧਨੂੰ:** ਖਿਆਲੀ ਪੁੱਲ ਬਣਾਉਣਾ ਕੋਈ ਮਦਦ ਨਹੀਂ ਕਰਦਾ। ਪਰਿਵਾਰ ਦੀਆਂ ਉਮੀਦਾਂ ਤੇ ਖਰਾ ਉਤਰਨ ਲਈ ਤੁਹਾਨੂੰ ਕੁਝ ਕਰ ਦਿਖਾਉਣ ਦੀ ਜ਼ਰੂਰਤ ਹੈ। ਤੁਸੀ ਪੈਸੇ ਦੀ ਕੀਮਤ ਨੂੰ ਚੰਗੀ ਤਰਾਂ ਜਾਣਦੇ ਹੋ ਇਸ ਲਈ ਅੱਜ ਦੇ ਦਿਨ ਤੁਹਾਡੇ ਦੁਆਰਾ ਬਚਾਇਆ ਗਿਆ ਧੰਨ ਭਵਿੱਖ ਵਿਚ ਕੰਮ ਆ ਸਕਦਾ ਹੈ ਅਤੇ ਤੁਸੀ ਕਿਸੇ ਵੱਡੀ ਮੁਸ਼ਕਿਲ ਵਿਚੋਂ ਨਿਕਲ ਸਕਦੇ ਹੋ। ਤੁਹਾਡੀ ਗਿਆਨ ਦੀ ਪਿਆਸ ਤੁਹਾਡੇ ਨਵੇਂ ਦੋਸਤ ਬਣਾਉਣ ਵਿਚ ਮਦਦਗਾਰ ਸਾਬਿਤ ਹੋਵੇਗਾ। ਅੱਜ ਕਾਰਡ ਤੇ ਪਿਆਰ ਦੇ ਦੁੱਖ ਦਾ ਸਾਹਮਣਾ ਕਰਨ ਦੀਆਂ ਸੰਭਾਵਨਾਵਾਂ ਹਨ। ਅਜਿਹੇ ਲੋਕਾਂ ਦੇ ਨਾਲ ਜੁੜੋ ਜੋ ਸਥਾਪਿਤ ਹੋਣ ਅਤੇ ਭਵਿੱਖ ਦੇ ਰੁਝਾਨਾ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਤੁਹਾਡੀ ਚੁੰਬਕੀ ਬਾਹਰ ਜਾਣ ਵਾਲੀ ਸਖਸ਼ੀਅਤ ਦਿਲਾਂ ਤੇ ਕਬਜ਼ਾ ਕਰੇਗੀ। ਵਿਵਾਹਕ ਜੀਵਨ ਵਿਚੋਂ ਮੁਸ਼ਕਿਲ ਦੋਰ ਵਿਚੋਂ ਗੁਜ਼ਰਨ ਦੇ ਬਾਅਦ ਤੁਹਾਨੂੰ ਸਭ ਕੁਝ ਤੋਂ ਰਾਹਤ ਦਾ ਅਹਿਸਾਸ ਹੋ ਸਕਦਾ ਹੈ।

**ਮਕਰ :** ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਜੋ ਲੋਕ ਆਪਣੇ ਕਰੀਬੀਆਂ ਜਾਂ ਰਿਸ਼ਤੇਦਾਰਾਂ ਨਾਲ ਮਿਲ ਕੇ ਕਾਰੋਬਾਰ ਕਰ ਰਹੇ ਹਨ ਉਨਾਂ ਨੂੰ ਬਹੁਤ ਧਿਆਨ ਰੱਖਣ ਦੀ ਲੋੜ ਹੈ ਨਹੀਂ ਤਾਂ ਆਰਥਿਕ ਘਾਟਾ ਹੋ ਸਕਦਾ ਹੈ। ਪੜ੍ਹਾਈ ਲਿਖਾਈ ਵਿਚ ਘੱਟ ਰੁਚੀ ਦੇ ਚਲਦੇ ਬੱਚੇ ਤੁਹਾਨੂੰ ਥੋੜਾ ਨਿਰਾਸ਼ ਕਰ ਸਕਦੇ ਹਨ। ਤੁਹਾਨੂੰ ਆਪਣੇ ਪਾਰਟਨਰ ਦਾ ਨਵਾਂ ਅਲੱਗ ਹੀ ਅੰਦਾਜ਼ ਦੇਖਣ ਨੂੰ ਮਿਲੇਗਾ। ਤੁਹਾਡੀ ਲਗਨ ਅਤੇ ਆਤਮਵਿਸ਼ਵਾਸ਼ ਦਾ ਸਤਰ ਉੱਚਾ ਹੋਵੇਗਾ ਅਤੇ ਤੁਸੀ ਉਮੀਦ ਤੋਂ ਜ਼ਿਆਦਾ ਪ੍ਰਦਸ਼ਨ ਕਰੋਂਗੇ। ਦਿਲ ਦੇ ਕਰੀਬ ਲੋਕਾਂ ਦੇ ਨਾਲ ਤੁਹਾਡਾ ਮਨ ਸਮਾਂ ਬਿਤਾਉਣ ਨੂੰ ਕਰੇਗਾ ਪਰੰਤੂ ਤੁਸੀ ਅਜਿਹਾ ਕਰਨ ਵਿਚ ਸਫਲ ਨਹੀਂ ਹੋ ਪਾਉਂਗੇ। ਲਗਦਾ ਹੈ ਕਿ ਤੁਹਾਡਾ ਪਾਰਟਨਰ ਅੱਜ ਵਧੀਆ ਮੂਡ ਵਿਚ ਹੈ ਤੁਹਾਨੂੰ ਸਿਰਫ ਵਿਵਾਹਿਕ ਜੀਵਨ ਨਾਲ ਜੁੜੀ ਉਨਾਂ ਯੋਜਨਾਵਾਂ ਵਿਚ ਮਦਦ ਕਰਨ ਦੀ ਲੋੜ ਹੈ।

**ਕੁੰਭ:** ਘਰ ਵਿਚ ਤਣਾਵ ਦਾ ਮਾਹੋਲ ਤੁਹਾਨੂੰ ਨਾਰਾਜ਼ ਕਰ ਸਕਦਾ ਹੈ ਇਸ ਨੂੰ ਦਬਾਉਣਾ ਤੁਹਾਡੇ ਸਰੀਰਕ ਸਮੱਸਿਆਵਾਂ ਵਿਚ ਵਾਧਾ ਕਰ ਸਕਦਾ ਹੈ। ਸਰੀਰਕ ਗਤੀਵਿਧਿਆਂ ਨੂੰ ਵਧਾਕੇ ਇਸ ਤੋਂ ਛੁਟਕਾਰਾ ਪਾਉ। ਖਰਾਬ ਹਾਲਾਤਾਂ ਤੋਂ ਦੂਰ ਰਹਿਣਾ ਹੀ ਬੇਹਤਰ ਹੈ। ਅੱਜ ਤੁਸੀ ਪੈਸਾ ਇਕੱਠਾ ਕਰਨ ਅਤੇ ਬਚਾਉਣ ਦਾ ਹੁੱਨਰ ਸਿੱਖ ਸਕਦੇ ਹੋ ਅਤੇ ਇਸ ਦੀ ਸਹੀ ਵਰਤੋ ਕਰ ਸਕਦੇ ਹੋ। ਤਣਾਵ ਦਾ ਦੋਰ ਲਗਾਤਾਰ ਰਹੇਗਾ ਪਰੰਤੂ ਪਰਿਵਾਰਿਕ ਸਹਿਯੋਗ ਮਦਦ ਕਰੇਗਾ। ਅੱਜ ਹੀ ਲੰਬੇ ਸਮੇਂ ਤੋਂ ਚਲੇ ਆ ਰਹੇ ਝਗੜਿਆਂ ਨੂੰ ਸੁਲਝਾ ਲਵੋ ਕਿਉਂ ਕਿ ਹੋ ਸਕਦਾ ਹੈ ਕਿ ਕੱਲ ਬਹੁਤ ਦੇਰ ਹੋ ਜਾਵੇ ਆਪਣਾ ਰੈਜ਼ਿਉਮ ਭੇਜਣ ਜਾਂ ਕਿਸੇ ਇੰਟਰਵਿਉ ਵਿਚ ਜਾਣ ਲਈ ਚੰਗਾ ਸਮਾਂ ਹੈ। ਪਰਿਵਾਰ ਦੀਆਂ ਲੋੜਾਂ ਨੂੰ ਪੂਰਾ ਕਰਦੇ ਸਮੇਂ ਤੁਸੀ ਕਈਂ ਵਾਰ ਖੁਦ ਨੂੰ ਬਰੇਕ ਦੇਣਾ ਭੁੱਲ ਜਾਂਦੇ ਹੋ ਪਰੰਤੂ ਅੱਜ ਤੁਸੀ ਆਪਣੇ ਲਈ ਸਮਾਂ ਕੱਢੋਗੇਂ ਅਤੇ ਨਵੇਂ ਸ਼ੋਂਕ ਦੀ ਭਾਲ ਕਰੋਂਗੇ ਰਿਸ਼ਤੇਦਾਰਾਂ ਦਾ ਦਖਲ ਵਿਆਹੁਤ ਜ਼ਿੰਦਗੀ ਵਿਚ ਮੁਸ਼ਕਿਲ ਪੈਦਾ ਕਰ ਸਕਦਾ ਹੈ।

**ਮੀਨ:** ਧਿਆਨ ਰੱਖੋ ਕਿ ਤੁਸੀਂ ਕੀ ਖਾ ਰਹੇ ਹੋ ਬਾਹਰੀ ਸੜਕ ਦੇ ਖਾਣੇ ਤੋਂ ਬਚੋ। ਅੱਜ ਨਿਵੇਸ਼ ਦੇ ਜੋ ਨਵੇਂ ਮੋਕੇ ਤੁਹਾਡੇ ਵੱਲ ਆਏ ਹਨ ਉਨ੍ਹਾਂ ਤੇ ਵਿਚਾਰ ਕਰੋ ਪਰੰਤੂ ਪੈਸਾ ਉਦੋ ਹੀ ਲਗਾਉ ਜਦੋਂ ਤੁਸੀਂ ਭਲੀਭਾਂਤ ਉਨਾ ਯੋਜਨਾਵਾਂ ਦਾ ਅਧਿਐਨ ਕਰ ਲਵੋ। ਘਰ ਵਿਚ ਸਾਫ ਸਫਾਈ ਦੀ ਤੁਰੰਤ ਲੋੜ ਹੈ ਹਮੇਸ਼ਾ ਦੀ ਤਰ੍ਹਾਂ ਇਸ ਕੰਮ ਨੂੰ ਅਗਲੀ ਵਾਰ ਤੇ ਨਾ ਟਾਲੋਂ।ਰਤੀ ਦੇ ਤੋਰ ਤੇ ਬਚਣ ਦਾ ਬਹੁਤ ਘੱਟ ਮੋਕਾ ਹੈ। ਬੇਹਤਰੀਨ ਦਿਨ ਹੈ ਜਦੋਂ ਮਹੱਤਵਪੂਰਨ ਵਪਾਰਕ ਸੋਦਿਆਂ ਨੂੰ ਅੰਤਮ ਰੂਪ ਦੇਣ ਲਈ ਤਰੱਕੀ ਕੀਤੀ ਜਾਣੀ ਚਾਹੀਦੀ ਹੈ। ਅੱਜ ਤੁਸੀਂ ਬਿਨਾਂ ਕਿਸੇ ਵਜਾਹ ਨਾਲ ਕੁਝ ਲੋਕਾਂ ਦੇ ਨਾਲ ਵਾਦ ਵਿਵਾਦ ਕਰ ਸਕਦੇ ਹੋ ਅਜਿਹਾ ਕਰਨਾ ਤੁਹਾਡਾ ਮੂਡ ਖਰਾਬ ਦੇ ਨਾਲ ਸਮਾਂ ਵੀ ਖਰਾਬ ਕਰ ਸਕਦਾ ਹੈ ਤੁਹਾਡਾ ਜੀਵਨਸਾਥੀ ਤੁਹਾਨੂੰ ਪਾ ਕੇ ਖੁਦ ਨੂੰ ਖੁਸ਼ਨਸੀਬ ਸਮਝਦਾ ਹੈ ਇਨਾਂ ਪਲਾਂ ਦਾ ਤੁਸੀ ਭਰਪੂਰ ਉਪਯੋਗ ਕਰੋਂਗੇ।

# ਸ਼ਹੀਦ ਊਧਮ ਸਿੰਘ ਦੀ ਵਾਰ ਦਾ ਲਿਖਾਰੀ ਦੀਵਾਨ ਸਿੰਘ ਮਹਿਰਮ



ਦੀਵਾਨ ਸਿੰਘ ਮਹਿਰਮ ਦਾ ਜਨਮ 1914 ਵਿੱਚ ਪਿੰਡ ਨੰਗਲ ਸ਼ਾਹੂ ਤਹਿਸੀਲ ਨਾਰੋਵਾਲ, ਜਿਲਾ ਸਿਆਲ ਕੋਟ (ਪੰਜਾਬ) ਵਿੱਚ ਸ. ਰਾਮ ਸਿੰਘ ਦੇ ਘਰ ਹੋਇਆ । ਉਹ 1972 ਵਿੱਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਮੁੱਢਲੀ ਸਿਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਲਈ, ਮਿਡਲ ਪਾਸ ਪਸਰੂਰ ਤੋਂ ਅਤੇ ਮੈਟ੍ਰਿਕ ਲਾਹੌਰ ਤੋਂ ਕੀਤੀ । ਉਹ ਪੰਜਾਬੀ, ਉਰਦੂ, ਫਾਰਸੀ ਦੇ ਵਿਦਵਾਨ ਸਨ । ਉਹ ਬੁਲੰਦ ਸ਼ਾਇਰ ਸਨ ।

ਦੇਸ਼ ਦੀ ਵੰਡ ਤੋਂ ਬਾਅਦ ਉਹ ਪਿੰਡ ਭੈਣੀ ਪਸਵਾਲ ਤਹਿਸੀਲ ਗੁਰਦਾਸ ਪੁਰ ਵਿੱਚ ਆ ਗਏ। ਉਹ ਸਟੇਜੀ ਕਵੀ ਦਰਬਾਰਾਂ ਦੀ ਸ਼ਾਨ ਸਨ। ਉਨ੍ਹਾਂ ਦੀਆਂ ਰਚਨਾਵਾਂ ਹਨ:

ਸਰਬੱਤ ਦਾ ਭਲਾ, ਤੱਤੀ ਤਵੀ, ਨਿਰੰਕਾਰੀ ਨੂਰ, ਕਲਗੀ ਵਾਲਾ, ਬੋਲਿਆ ਹਿਮਾਲੀਆ, ਜੀਵੇ ਦੇਸ਼ ਮਹਾਨ, ਦੁਸ਼ਟ ਦਮਨ, ਮਿਰਜਾ ਕਾਦੀਆਂ, ਰੁਬਾਈਆਂ, ਬਾਬਲ ਵਰ ਲੋੜੀਏ, ਪਾਣੀ ਤੇ ਲਕੀਰਾਂ (ਗ਼ਜ਼ਲ ਸੰਗ੍ਰਹਿ ) ਆਦਿ।

ਉਨ੍ਹਾਂ ਖਾਲਸਾ ਹਾਈ ਸਕੂਲ ਬਟਾਲਾ ਤੇ ਕਲਾਸਵਾਲਾ ਖਾਲਸਾ ਹਾਈ ਸਕੂਲ ਕਾਦੀਆ ਵਿੱਚ ਲੰਮਾ ਸਮਾਂ ਪੜ੍ਹਾਇਆ। ਕਾਹਨੂੰਵਾਨ ਛੰਭ ਨੂੰ ਸੇਮ ਤੋਂ ਬਚਾਉਣ ਲਈ ਉਨ੍ਹਾਂ ਦੀ ਨਜ਼ਮ ਤੇ ਬੋਲ ਵੇਲੇ ਦੇ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ ਨੂੰ ਪ੍ਰਭਾਵਤ ਕਰ ਗਏ। ਸ. ਸਤਨਾਮ ਸਿੰਘ ਬਾਜਵਾ ਨਾਲ ਘੋੜੇ ਤੇ ਸਵਾਰ ਹੋ ਕੇ ਛੰਭ ਚ ਆਏ ਮੁੱਖ ਮੰਤਰੀ ਨੂੰ ਉਨ੍ਹਾਂ ਕਾਹੀ ਦੇ ਨੜੇ ਦਾ ਸੁਆਗਤੀ ਗੁਲਦਸਤਾ ਭੇਂਟ ਕੀਤਾ। ਕੈਰੋਂ ਸਾਹਿਬ ਰਮਜ਼ ਸਮਝ ਗਏ, ਬੋਲੇ ! ਸਰਦਾਰਾ ! ਤੂੰ ਵੇਖੀ ਇਥੇ ਬੰਦੇ ਨਾਲੋਂ ਵੀ ਉੱਚਾ ਕਮਾਦ ਹੋਇਆ ਕਰੂ। ਸੇਮ ਮੁਕਾ ਦਿਆਂਗੇ ਨਿਕਾਸੀ ਨਾਲ਼ੇ ਪੁੱਟ ਕੇ। ਛੰਬ ਖੇਤਰ ਵਿੱਚ ਇਹ ਵਾਰਤਾ ਆਮ ਹੀ ਸੁਣੀ ਸੁਣਾਈ ਜਾਂਦੀ ਹੈ।

ਊਧਮ ਸਿੰਘ ਦੀ ਲਲਕਾਰ ਉਨ੍ਹਾਂ ਦੀ ਅਮਰ ਰਚਨਾ ਹੈ। ਤੁਸੀਂ ਵੀ ਪੜ੍ਹੋ !

ਮੈਨੂੰ ਫੜ ਲਓ ਲੰਡਨ ਵਾਸੀਓ !
ਮੈਂ ਖੜਾ ਪੁਕਾਰਾਂ

ਮੈਂ ਕਾਤਲ ਉਡਵਾਇਰ ਦਾ, ਮੈਂ ਗੋਲੀ ਮਾਰੀ।
ਮੈਂ ਇਕਬਾਲੀ ਜੁਰਮ ਦਾ, ਨਹੀਂ ਜਿੰਦ ਪਿਆਰੀ।
ਮੈਂ ਨੱਸਣਾ ਮੂਲ ਨਹੀਂ ਚਾਹੁੰਦਾ, ਕੋਈ ਮਾਰ ਉਡਾਰੀ।
ਮੈਂ ਪੇਸ਼ ਕਰਾਂ ਖ਼ੁਦ ਆਪ ਨੂੰ, ਕੋਈ ਨਹੀਂ ਲਚਾਰੀ।
ਮੈਂ ਉੱਚੀ ਉੱਚੀ ਬੋਲ ਕੇ, ਲਾਉਂਦਾ ਹਾਂ ਟਾਹਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।

ਮੈਂ ਵਾਸੀ ਦੇਸ ਪੰਜਾਬ ਦਾ, ਜੋਧਾ ਬਲਕਾਰੀ।
ਮੇਰਾ ਊਧਮ ਸਿੰਘ ਏ ਨਾਮ ਸੁਣੋ, ਸਾਰੇ ਨਰ ਨਾਰੀ।
ਮੈਂ ਆਇਆ ਦੂਰੋਂ ਚੱਲ ਕੇ, ਕਟ ਮਨਜ਼ਲ ਭਾਰੀ।
ਮੈਂ ਦੁਸ਼ਮਣ ਦੀ ਹਿੱਕ ਸਾੜ ਕੇ, ਅੱਜ ਛਾਤੀ ਠਾਰੀ।
ਮੇਰੀ ਸਫ਼ਲ ਹੋ ਗਈ ਯਾਤਰਾ, ਲੱਖ ਸ਼ੁਕਰ ਗੁਜਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।

ਇਹ ਉਹ ਜ਼ਾਲਮ ਉਡਵਾਇਰ ਜੇ, ਜਿਹਦੀ ਕਥਾ ਨਿਆਰੀ।
ਜੋ ਜਲ੍ਹਿਆਂ ਵਾਲੇ ਬਾਗ ਦਾ, ਸੀ ਅੱਤਿਆਚਾਰੀ।
ਜਿਨ੍ਹ ਭੁੰਨੀ ਤੋਪਾਂ ਡਾਹ ਕੇ, ਖਲਕਤ ਵੇਚਾਰੀ।
ਜਿਹਦੇ ਸਿਰ ਉੱਤੇ ਥਾਂ ਹੈਟ ਦੀ, ਪਾਪ ਦੀ ਖਾਰੀ।
ਮੈਂ ਸੌਂਹ ਖਾਧੀ ਸੀ ਉਸ ਦਿਨ, ਪਾਪੀ ਨੂੰ ਮਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।

ਮੈਂ ਹਾਂ ਅਣਖੀਲਾ ਗਭਰੂ, ਮੇਰੀ ਗੈਰਤ ਭਾਰੀ।
ਮੇਰੀ ਛਾਤੀ ਪਰਬਤ ਵਾਂਗਰਾਂ, ਤੇ ਭੁਜਾ ਕਰਾਰੀ।
ਮੈਂ ਭਗਤ ਸਿੰਘ ਦਾ ਦਾਸ ਹਾਂ, ਮੈਨੂੰ ਮੌਤ ਪਿਆਰੀ।
ਮੈਂ ਲੱਗ ਕੇ ਲੇਖੇ ਵਤਨ ਦੇ, ਲੈਣੀ ਸਰਦਾਰੀ।
ਮੇਰੇ ਸੱਜਣ ਘਰ ਘਰ ਬੈਠ ਕੇ, ਗਾਵਣਗੇ ਵਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।

ਮੈਂ ਮੋੜੀ ਭਾਜੀ ਦੇਸ ਦੀ, ਕਰ ਕੇ ਹੁਸ਼ਿਆਰੀ।
ਇਉਂ ਜਗ ਵਿਚ ਅਣਖੀ ਸੂਰਮੇ, ਲਾਹ ਲੈਂਦੇ ਵਾਰੀ।
ਮੇਰੀ ਰੂਹ ਨੂੰ ਮਾਰ ਨਹੀਂ ਸਕਦੀ, ਕੋਈ ਛੁਰੀ ਕਟਾਰੀ।
ਮੇਰੀ ਮੌਤ 'ਚ ਜੀਵਨ ਕੌਮ ਦਾ, ਮਰਨਾ ਗੁਣਕਾਰੀ।
ਮੈਂ ਸਬਰ ਵਿਖਾ ਕੇ ਗਜ਼ਬ ਦਾ, ਲੱਖ ਜਬਰ ਸਹਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।

ਮੈਂ ਦੋਸ਼ੀ ਵਤਨ ਪਿਆਰ ਦਾ, ਮੈਨੂੰ ਚੜ੍ਹੀ ਖੁਮਾਰੀ।
ਮੈਨੂੰ ਵਿਚ ਸ਼ਕੰਜੇ ਕੱਸ ਕੇ, ਸਿਰ ਫੇਰੋ ਆਰੀ।
ਮੇਰਾ ਪੁਰਜਾ ਪੁਰਜਾ ਕੱਟ ਕੇ, ਕਰ ਦਿਓ ਖੁਆਰੀ।
ਮੇਰਾ ਖ਼ੂਨ ਡੋਹਲ ਕੇ ਰੰਗ ਦਿਉ, ਇਹ ਧਰਤੀ ਸਾਰੀ।
ਤੇ ਵੇਚੋ ਮੇਰੇ ਮਾਸ ਨੂੰ, ਵਿਚ ਗਲੀਂ ਬਜ਼ਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।


ਇਉਂ ਆਜ਼ਾਦੀ ਨੂੰ ਵਿਆਹੇਗੀ, ਮੇਰੀ ਰੂਹ ਕੁਆਰੀ।
ਤੇ ਪੱਕੀ ਹੋ ਜਾਊ ਵਤਨ ਨਾਲ, ਮੇਰੀ ਲੱਗੂ ਯਾਰੀ।
ਇਉਂ ਅੰਗਰੇਜ਼ੀ ਸਾਮਰਾਜ ਨੂੰ, ਸੱਟ ਲੱਗੂ ਭਾਰੀ।
ਇਉਂ ਜੋਬਨ ਉੱਤੇ ਆਇਗੀ, ਭਾਰਤ ਫੁਲਵਾੜੀ।
ਮੈਂ ਕਿਉਂ ਨਾ ਆਪਣੇ ਵਤਨ ਦੀ, ਤਕਦੀਰ ਸੁਆਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।

ਮੈਂ ਮੁਜਰਮ ਨਹੀਂ ਇਖਲਾਕ ਦਾ, ਮੈਂ ਵਤਨ ਪੁਜਾਰੀ।
ਮੈਂ ਜੋ ਕੁਝ ਕੀਤਾ ਵਤਨ ਲਈ ਭਾਰਤ ਹਿੱਤਕਾਰੀ।
ਮੇਰੇ ਹੱਡਾਂ ਦੀ ਸੁਆਹ ਘਲਿਓ, ਮੇਰੇ ਵਤਨ ਮਝਾਰੀ।
ਮੈਂ ਜੰਮਣ ਭੋਂ ਨੂੰ ਪਰਸ ਲਾਂ, ਫਿਰ ਅੰਤਮ ਵਾਰੀ।
ਮੇਰੇ ਰੋਮ ਰੋਮ 'ਚੋਂ ਉੱਠੀਆਂ, ਏ ਹੋ ਲਲਕਾਰਾਂ।
ਮੈਨੂੰ ਫੜ ਲਓ ਲੰਡਨ ਵਾਸੀਓ ! ਮੈਂ ਖੜਾ ਪੁਕਾਰਾਂ।



ਗੁਰਭਜਨ ਗਿੱਲ

# ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਨੂੰ ਯਾਦ ਕਰਦਿਆਂ"



ਅੱਜ ਪੂਰਾ ਦੇਸ਼ ਸ਼ਹੀਦ ਊਧਮ ਸਿੰਘ ਜੀ ਨੂੰ ਉਨ੍ਹਾਂ ਦੀ ਬਰਸੀ ਮੌਕੇ ਯਾਦ ਕਰ ਰਿਹਾ ਹੈ ਅਤੇ ਹਰ ਸਾਲ ਸਰਕਾਰਾਂ ਵੱਲੋਂ ਇਸ ਦਿਨ ਵੱਡੇ ਪੱਧਰ ਤੇ ਸਮਾਗਮ ਵੀ ਕਰਵਾਏ ਜਾਂਦੇ ਹਨ ਨੇਤਾਵਾਂ ਵੱਲੋਂ ਬੁੱਤਾਂ ਤੇ ਹਾਰ ਪਾਕੇ ਫੋਟੋਆਂ ਖਿਚਵਾਈਆਂ ਜਾਂਦੀਆਂ ਹਨ ਅਤੇ ਵੱਡੇ ਵੱਡੇ ਭਾਸ਼ਨ ਦਿੱਤੇ ਜਾਂਦੇ ਹਨ। ਪਰ ਕੀ ਸੱਚਮੁੱਚ ਸ਼ਹਿਦਾਂ ਦਾ ਸੁਪਨਾ ਪੂਰਾ ਹੋ ਗਿਆ ਹੈ ? ਆਖਿਰ ਅਜ਼ਾਦੀ ਦੇ 75 ਸਾਲਾ ਤੋਂ ਬਾਅਦ ਵੀ ਦੇਸ਼ ਦੇ ਨੌਜਵਾਨ ਉਨ੍ਹਾਂ ਦੇਸ਼ਾਂ ਵੱਲ ਜਾਣ ਨੂੰ ਤਰਸ ਰਹੇ ਹਨ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਤੋਂ ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਸ਼ਹੀਦਾਂ ਨੇ ਦੇਸ਼ ਨੂੰ ਆਜ਼ਾਦ ਕਰਵਾਇਆ ਸੀ। ਕਿਤੇ ਨਾ ਕਿਤੇ ਦੇਸ਼ ਦੇ ਹਲਾਤ ਸਾਡੇ ਲੋਕਤੰਤਰ, ਸਿਸਟਮ, ਅਤੇ ਰਾਜਨੀਤੀ ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦੇ ਹਨ ? ਦੇਸ਼ ਦੀ ਆਜ਼ਾਦੀ ਅਤੇ ਖੁਸ਼ਹਾਲੀ ਲਈ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਨਾਂ ਲਾਉਣ ਵਾਲੇ ਊਧਮ ਦਾ ਅਸਲ ਨਾਂ ਸ਼ੇਰ ਸਿੰਘ ਸੀ ਜਿਨ੍ਹਾਂ ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਹੋਇਆ। ਸੁਨਾਮ ਉਸ ਸਮੇਂ ਪਟਿਆਲਾ ਰਿਆਸਤ ਦਾ ਇਕ ਹਿੱਸਾ ਸੀ ਉਨ੍ਹਾਂ ਦੇ ਪਿਤਾ ਟਹਿਲ ਸਿੰਘ ਉਸ ਸਮੇਂ ਨੇੜਲੇ ਪਿੰਡ ਉਪਲੀ ਵਿਖੇ ਰੇਲਵੇ ਫਾਟਕ ਤੇ ਚੌਂਕੀਦਾਰ ਵਜੋਂ ਨੌਕਰੀ ਕਰਦੇ ਸਨ। ਸ਼ੇਰ ਸਿੰਘ ਅਜੇ ਮਹਿਜ਼ ਸੱਤ ਸਾਲਾਂ ਦਾ ਵੀ ਨਹੀਂ ਸੀ ਹੋਇਆ ਕਿ ਉਸਦੇ ਸਿਰ ਉੱਤੋਂ ਮਾਂ-ਬਾਪ ਦੋਵਾਂ ਦਾ ਹੀ ਸਾਇਆ ਉੱਠ ਗਿਆ। ਮਾਪਿਆਂ ਦਾ ਸਾਇਆ ਖੁਸ ਜਾਣ ਉਪਰੰਤ ਊਧਮ ਸਿੰਘ ਨੂੰ ਖਾਲਸਾ ਯਤੀਮਖਾਨੇ ਅੰਮ੍ਰਿਤਸਰ ਵਿਖੇ ਦਾਖਲ ਕਰਵਾ ਦਿੱਤਾ ਗਿਆ ।

ਸੰਨ 1919 ਵਿਚ ਜਲ੍ਹਿਆਂਵਾਲਾ ਬਾਗ ਦੇ ਹੱਤਿਆ ਕਾਂਡ ਜਿਸ ਵਿੱਚ ਹਜ਼ਾਰਾਂ ਹੀ ਨਿਰਦੋਸ਼ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਯਤੀਮਖਾਨੇ ਵਲੋਂ ਊਧਮ ਦੀ ਡਿਊਟੀ ਇਸ ਕਾਂਡ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਸੇਵਾ ਉਤੇ ਲੱਗੇ ਹੋਣ ਕਾਰਨ ਸਾਰੀ ਦੁਰਘਟਨਾ ਦੀ ਦਰਦਨਾਕ ਝਾਕੀ ਉਸ ਦੀਆਂ ਅੱਖਾਂ ਅੱਗੋਂ ਦੀ ਲੰਘੀ, ਜਿਸ ਦਾ ਉਨ੍ਹਾਂ ਉਤੇ ਇਸ ਕਦਰ ਡੂੰਘਾ ਅਸਰ ਪਿਆ ਕਿ ਉਸ ਨੇ ਇਸ ਜ਼ੁਲਮ ਦਾ ਬਦਲਾ ਲੈਣ ਦੀ ਪੱਕੀ ਠਾਣ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਲਾਸ਼ਾਂ ਦੇ ਢੇਰ ਵਿਚ ਖੜੋਕੇ ਉਸ ਨੇ ਪ੍ਰਣ ਕੀਤਾ ਕਿ ਮੈਂ ਪੰਜਾਬ ਦੇ ਗਵਰਨਰ ਓਡਵਾਇਰ ਨੂੰ ਮਾਰ ਕੇ ਇਸ ਜ਼ੁਲਮ ਦਾ ਬਦਲਾ ਜ਼ਰੂਰ ਲਵਾਂਗਾ। ਉਨ੍ਹਾਂ ਨੂੰ ਇਸ ਕੰਮ ਲਈ ਕਾਫੀ ਦੇਰ ਰਾਮ ਮਹੁੰਮਦ ਸਿੰਘ ਅਜਾਦ ਦੇ ਨਾਂ ਤੇ ਲੰਡਨ ਵਿੱਚ ਰਹਿਣਾਂ ਪਿਆ ਆਖਿਰ ਲੰਮੀ ਉਡੀਕ ਤੋਂ ਬਾਅਦ 13 ਮਾਰਚ 1940 ਨੂੰ ਉਹ ਘੜੀ ਵੀ ਆ ਗਈ, ਜਿਸ ਦਾ ਉਸਨੂੰ ਸਾਲਾਂ ਤੋਂ ਇੰਤਜ਼ਾਰ ਸੀ, ਉਸ ਦਿਨ 4.30 ਵਜੇ ਕੈਕਸਟਨ ਹਾਲ, ਲੰਦਨ ਵਿਚ ਜਿਥੇ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਵਲੋਂ ਸਾਂਝੇ ਤੌਰ 'ਤੇ ਆਯੋਜਿਤ ਮੀਟਿੰਗ ਹੋ ਰਹੀ ਸੀ। ਊਧਮ ਸਿੰਘ ਨੇ ਆਪਣੀ ਪਿਸਤੌਲ ਤੋਂ ਮਾਈਕਲ ਓਡਵਾਇਰ ਉੱਤੇ ਜੋ ਅੰਮ੍ਰਿਤਸਰ ਦੇ ਖ਼ੂਨੀ ਸਾਕੇ ਸਮੇਂ ਪੰਜਾਬ ਦਾ ਗਵਰਨਰ ਸੀ ਪੰਜ-ਛੇ ਗੋਲੀਆਂ ਚਲਾਈਆ ਅਤੇ ਮਾਇਕਲ ਨੂੰ ਮਾਰਕੇ ਉਨ੍ਹਾਂ ਨੇ ਜਲਿਆਂ ਵਾਲੇ ਬਾਗ ਦੇ ਸਾਕੇ ਦਾ ਬਦਲਾ ਲੈ ਲਿਆ ਸੀ। 4 ਜੂਨ 1940 ਨੂੰ ਊਧਮ ਸਿੰਘ ਨੂੰ ਜਨਰਲ ਡਾਇਰ ਦੀ ਮੌਤ ਦਾ ਦੋਸ਼ੀ ਕਰਾਰ ਦਿੱਤਾ ਗਿਆ। ਜਦੋ ਊਧਮ ਸਿੰਘ ਤੋਂ ਓਡਵਾਇਰ ਦੀ ਹੱਤਿਆ ਪਿਛੇ ਉਸ ਦੀ ਪ੍ਰੇਰਣਾ ਬਾਰੇ ਪੁੱਛਗਿੱਛ ਕੀਤੀ ਗਈ ਸੀ, ਜਿਸ ਦਾ ਉਸ ਨੇ ਜਵਾਬ ਦਿੱਤਾ, 'ਮੈਂ ਅਜਿਹਾ ਇਸ ਲਈ ਕੀਤਾ ਕਿਉਂਕਿ ਮੈਨੂੰ ਉਸ ਨਾਲ ਨਫ਼ਰਤ ਸੀ। ਉਹ ਇਸ ਦਾ ਹੱਕਦਾਰ ਸੀ। ਉਹ ਅਸਲ ਦੋਸ਼ੀ ਸੀ। ਉਹ ਮੇਰੇ ਲੋਕਾਂ ਦੀ ਆਤਮਾ ਨੂੰ ਕੁਚਲਣਾ ਚਾਹੁੰਦਾ ਸੀ, ਇਸ ਲਈ ਮੈਂ ਉਸਨੂੰ ਕੁਚਲ ਦਿੱਤਾ ਹੈ। ਪੂਰੇ 21 ਸਾਲਾਂ ਤੋਂ ਮੈਂ ਬਦਲਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਖੁਸ਼ ਹਾਂ ਕਿ ਮੈਂ ਇਹ ਕੰਮ ਕੀਤਾ ਹੈ। ਮੈਂ ਮੌਤ ਤੋਂ ਨਹੀਂ ਡਰਦਾ, ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ। ਮੈਂ ਆਪਣੇ ਲੋਕਾਂ ਨੂੰ ਬਰਤਾਨਵੀ ਰਾਜ ਅਧੀਨ ਭਾਰਤ ਵਿੱਚ ਭੁੱਖੇ ਮਰਦੇ ਦੇਖਿਆ ਹੈ। ਮੈਂ ਇਸ ਦਾ ਵਿਰੋਧ ਕੀਤਾ ਹੈ, ਇਹ ਮੇਰਾ ਫਰਜ਼ ਸੀ।ਆਪਣੀ ਮਾਤ-ਭੂਮੀ ਦੀ ਖ਼ਾਤਰ ਮੌਤ ਤੋਂ ਵੱਧ ਮੇਰੇ ਲਈ ਹੋਰ ਕੀ ਸਨਮਾਨ ਹੋ ਸਕਦਾ ਹੈ? 31 ਜੁਲਾਈ, 1940 ਨੂੰ ਪੈਂਟਨਵਿਲੇ ਜੇਲ੍ਹ ਵਿੱਚ ਉਸਨੂੰ ਫਾਂਸੀ ਦੇ ਦਿੱਤੀ ਗਈ। 31 ਜੁਲਾਈ 1974 ਨੂੰ ਊਧਮ ਸਿੰਘ ਜੀ ਦੀ ਬਰਸੀ ਵਾਲੇ ਦਿਨ ਉਨ੍ਹਾਂ ਦੀਆ ਅਸਥੀਆਂ ਨੂੰ ਭਾਰਤ ਹਵਾਲੇ ਕਰ ਦਿੱਤਾ ਗਿਆ ਸੀ ਜਿਥੇ ਅਸਥੀਆਂ ਨੂੰ ਉਨ੍ਹਾਂ ਦੇ ਪਿੰਡ ਲਿਆ ਕੇ ਯਾਦਗਾਰ ਬਣਾਈ ਗਈ ਸੀ। ਪਰ ਅਫਸੋਸ ਕਿ ਊਧਮ ਸਿੰਘ ਵਰਗੇ ਅਨੇਕਾਂ ਸ਼ਹੀਦਾਂ ਨੇ ਆਜ਼ਾਦ ਦੇਸ਼ ਲਈ ਜੋ ਸੁਪਨੇ ਸੰਜੋਏ ਸਨ ਅਤੇ ਜਿਸ ਧਰਮ ਨਿਰਪੱਖ ਦੇਸ਼ ਦੀ ਉਨ੍ਹਾਂ ਕਲਪਨਾ ਕੀਤੀ, ਅੱਜ ਉਨ੍ਹਾਂ ਦੇ ਸੁਪਨਿਆਂ ਨੂੰ ਦੇਸ਼ ਦੇ ਅਖੌਤੀ ਲੀਡਰਸ਼ਿਪ ਦੁਆਰਾ ਮਨਮਰਜ਼ੀ ਮੁਤਾਬਕ ਤਾਰ ਤਾਰ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਦੇਸ਼ ਅੰਦਰ ਲਗਾਤਾਰ ਅਸਿਹਣਸਿਲਤਾ ਵਾਲੇ ਮਾਹੌਲ ਨੂੰ ਸਿਰਜਿਆ ਜਾ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਲਗਾਤਾਰ ਦੇਸ਼ ਵਿਚਲੇ ਜਮਹੂਰੀ ਨਿਜ਼ਾਮ ਨੂੰ ਖੋਖਲਾ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਅੰਜਾਮ ਦਿੱਤੀਆਂ ਜਾ ਰਹੀਆਂ ਹਨ। ਹੱਕ ਸੱਚ ਲਈ ਉੱਠਣ ਵਾਲੀਆਂ ਅਵਾਜ਼ਾਂ ਨੂੰ ਆਨੀ ਬਹਾਨੀ ਦਬਾ ਦਿੱਤਾ ਜਾਂਦਾ ਹੈ । ਯਕੀਨਨ ਇਹ ਸੱਭ ਵੇਖ ਕੇ ਊਧਮ ਸਿੰਘ ਜਿਹਿਆਂ ਦੀਆਂ ਆਤਮਾਵਾਂ ਝੰਜੋੜੀ ਜਾ ਰਹੀਆਂ ਹੋਣਗੀਆਂ ਅਤੇ ਉਹ ਸੋਚ ਰਹੀਆਂ ਹੋਣਗੀਆਂ ਕਿ ਹਾਲਾਤ ਅਜ਼ਾਦੀ ਤੋਂ ਪਹਿਲਾਂ ਬੇਹਤਰ ਸਨ । ਅੱਜ ਭਾਰਤ ਦੀ ਗੰਦੀ ਰਾਜਨੀਤੀ ਦੇ ਚਲਦੇ ਦੇਸ਼ ਜ਼ਾਤ ਪਾਤ ਅਤੇ ਧਰਮ ਦੇ ਨਾਂ ਤੇ ਉਲਝ ਕੇ ਰਹਿ ਗਿਆ ਹੈ ਅਜ਼ਾਦੀ ਤੋਂ ਬਾਅਦ ਗਰੀਬੀ,ਬੇਰੁਜ਼ਗਾਰੀ, ਮਹਿਗਾਈ, ਨਸ਼ਾ, ਭ੍ਰਿਸ਼ਟਾਚਾਰ ਆਦਿ ਬਿਮਾਰੀਆਂ ਘਟਣ ਦੀ ਬਜਾਏ ਹੋਰ ਵਧਦੀਆਂ ਜਾ ਰਹੀਆਂ ਹਨ। ਕਹਿਣ ਨੂੰ ਭਾਵੇਂ ਲੋਕਤੰਤਰ ਹੈ ਪਰ ਚੋਣਾਂ ਸਰਮਾਏਦਾਰਾ ਵਲੋਂ ਲੜਾਈਆਂ ਜਾਂਦੀਆਂ ਹਨ ਅਤੇ ਦੇਸ਼ ਦਾ ਸਿਸਟਮ ਉਨ੍ਹਾਂ ਦੇ ਰਹਿਮੋ ਕਰਮ ਤੇ ਨਿਰਭਰ ਕਰਦਾ ਹੈ ਗਰੀਬੀ, ਬੇਰੁਜ਼ਗਾਰੀ, ਮਹਿਗਾਈ, ਅਤੇ ਜਨਸੰਖਿਆ ਵਿੱਚ ਅਸੀਂ ਬਹੁਤ ਸਾਰੇ ਦੇਸ਼ਾਂ ਨੂੰ ਪਛਾੜ ਕੇ ਪਹਿਲੇ ਨੰਬਰ ਤੇ ਆ ਚੁੱਕੇ ਹਾਂ। ਅਗਰ ਸਾਡੇ ਦੇਸ਼ ਦਾ ਸਿਸਟਮ ਸਹੀ ਹੁੰਦਾ ਤਾਂ ਸ਼ਾਇਦ ਅੱਜ ਸਾਡੀ ਪੀੜ੍ਹੀ ਨੂੰ ਰੁਜ਼ਗਾਰ ਲਈ ਉਨ੍ਹਾਂ ਦੇਸ਼ਾਂ ਚ ਨਾ ਜਾਣਾ ਪੈਂਦਾ ਜਿਨ੍ਹਾਂ ਤੋਂ ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਸ਼ਹੀਦਾਂ ਨੇ ਅਜ਼ਾਦ ਕਰਵਾਇਆ ਸੀ। ਅੱਜ ਦੇਸ਼ ਨੂੰ ਸਾਫ਼ ਸੁਥਰੇ ਅਕਸ ਵਾਲੇ, ਇਮਾਨਦਾਰ, ਬੁਧੀਜੀਵੀ ਨੇਤਾਵਾਂ ਦੀ ਲੋੜ ਹੈ। ਭਾਰਤ ਦੇਸ਼ ਦੇ ਲੋਕਾ ਦੀ ਖੁਸ਼ਹਾਲੀ ਲਈ ਇਮਾਨਦਾਰ ਰਾਜਨੀਤੀ ਦੇ ਨਾਲ ਨਾਲ ਚੰਗੀਆ ਨੀਤੀਆਂ ਬਣਨ, ਇਹੀ ਸ਼ਹਿਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਕੁਲਦੀਪ ਸਿੰਘ ਸਾਹਿਲ

# ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜ਼ਲੀ

ਸ਼ਹੀਦ ਊਧਮ ਸਿੰਘ ਜੀ ਨੂੰ 31 ਜੁਲਾਈ 1940 ਦੇ ਦਿਨ ਲੰਡਨ ਦੀ ਪੈਨਟਿਨਵਿਲੇ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ। ਸਰ ਮਾਈਕਲ ਓ ਡਾਇਰ ਨੇ ਜਲ੍ਹਿਆਂਵਾਲੇ ਬਾਗ ਅੰਮ੍ਰਿਤਸਰ ਸਾਹਿਬ ਵਿਖੇ 13 ਅਪ੍ਰੈਲ 1919 ਨੂੰ ਨਿਹੱਥੇ ਅਜ਼ਾਦੀ ਦੀ ਮੰਗ ਕਰਦੇ ਭਾਰਤੀਆਂ ਉੱਤੇ ਉਸ ਸਮੇਂ ਫੌਜ ਦੇ ਜਨਰਲ ਡਾਇਰ ਨੂੰ ਭਾਰਤੀਆਂ ਉੱਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ।

ਉਸ ਸਮੇਂ ਸਰ ਮਾਈਕਲ ਓ ਡਾਇਰ ਪੰਜਾਬ ਦੇ ਗਵਰਨਰ ਜਨਰਲ ਸਨ।

ਇਸ ਘਟਨਾ ਤੋਂ ਇੱਕੀ ਸਾਲ ਬਾਅਦ 13 ਅਪ੍ਰੈਲ 1940 ਨੂੰ ਲੰਡਨ ਦੇ ਕਾਕਸਟਨ ਹਾਲ ਵਿਚ ਭਾਰਤ ਵਿਰੁੱਧ ਭਾਸ਼ਣ ਦੇਣ ਮੌਕੇ ਪੰਜਾਬ ਦੇ ਉਸ ਸਮੇਂ ਦੇ ਗਵਰਨਰ ਸਰ ਮਾਈਕਲ ਓ ਡਾਇਰ ਨੂੰ ਸ਼ਹੀਦ ਊਧਮ ਸਿੰਘ ਨੇ ਸਟੇਜ ਤੇ ਹੀ ਗੋਲੀਆਂ ਮਾਰ ਕੇ, ਆਪਣਾ ਭਾਰਤ ਮਾਂ ਨਾਲ ਕੀਤਾ ਵਚਨ ਪੂਰਾ ਕੀਤਾ ਸੀ।

ਅੱਜ ਉਸ ਬੀਰ ਸਪੂਤ, ਸੁਨਾਮ (ਪੰਜਾਬ) ਵਿਚ ਪਿਤਾ ਟਹਿਲ ਸਿੰਘ ,ਮਾਤਾ ਦਿਆ ਕੌਰ ਦੇ ਘਰ 26 ਦਸੰਬਰ 1899 ਨੂੰ ਜਨਮੇ ਸ਼ਹੀਦ ਦੇ ਸ਼ਹੀਦੀ ਦਿਹਾੜੇ 'ਤੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਸ਼ਬਦ ਲਿਖ ਰਿਹਾ ਹਾਂ।

ਫ਼ੋਟੋ ਵਿਚ ਸ਼ਹੀਦ ਊਦਮ ਸਿੰਘ ਲੰਡਨ ਦੇ ਇਕ ਗੁਰਦੁਆਰਾ ਸਾਹਿਬ ਵਿਚ ਲੰਗਰ ਪਕਾ ਰਹੇ ਹਨ।

ਇੱਕੀ ਸਾਲ
ਬਾਬੇ ਦਾ ਵਰੋਸਾਇਆ
ਊਧਮ ਸਿੰਘ
ਲੰਗਰ ਵਿਚ ਰੋਟੀਆਂ ਵੇਲਦਾ
ਮਿੱਤਰਾਂ ਨਾਲ ਹਸਦਾ ਖੇਡਦਾ
ਊਧਮ ਸਿੰਘ
ਲੰਡਨ ਦੀਆਂ ਗਲੀਆਂ ਵਿਚ
ਡਾਇਰ ਦੀਆਂ ਪੈੜਾਂ
ਪਿੱਛੇ ਤੁਰਦਾ ਊਧਮ ਸਿੰਘ।
ਡਾਇਰ ਦੇ
ਘਰ ਪਹੁੰਚ ਪਰੇਸ਼ਾਨ ਹੁੰਦਾ
ਰੱਬਾ
ਤੂੰ ਕਿਉਂ ਕੱਟ ਗਿਆ
ਵਾਰੀ ਮੇਰੀ
ਲਾਹੁਣੀ ਸੀ ਮੈਂ
ਮਾਂ ਭਾਰਤ ਦੀ ਇਕ ਉਧਾਰੀ
ਪਿਸਤੌਲ ਦੀ ਨਾਲੀ ਸਾਫ਼ ਕਰਦਾ
ਗੋਲੀਆਂ ਸਾਂਭ ਸਾਂਭ ਰੱਖਦਾ
ਘੋੜੇ ਤੇ ਉਂਗਲ ਰੱਖਣ ਲਈ ਕਾਹਲਾ
ਊਧਮ ਸਿੰਘ
ਇੱਕੀ ਸਾਲ ਬਣਾ ਕੇ
ਗੁਜ਼ਾਰੇ ਪਲ
ਬਾਬੇ ਬਖ਼ਸ਼ੀ ਸਿਦਕ ਸਬੂਰੀ
ਫੇਰ ਨੱਪੀਆਂ
ਮਾਈਕਲ ਉਡਵਾਇਰ ਦੀਆਂ ਪੈੜਾਂ
ਬਾਬੇ ਦੀਆਂ ਸੱਤਾਂ ਖੈਰਾਂ
ਮੰਗੇ
ਊਧਮ ਸਿੰਘ
ਹਾਲ ਕੈਕਸਟਨ
ਹੋਏ ਟਾਕਰੇ
ਪਰਖਿਆ ਹਥਿਆਰ
ਮਾਂ ਭਾਰਤ ਦਾ ਲਾਹਿਆ ਉਧਾਰ
ਊਧਮ ਸਿੰਘ ਦੀ ਜੈ ਜੈ ਕਾਰ
ਮਸਤਕ ਝੁਕਾਇਆ
ਬਾਗ
ਜੱਲ੍ਹਿਆ ਵਾਲਾ ਮੁਸਕਰਾਇਆ
ਮੁਹੰਮਦ ਸਿੰਘ ਆਜ਼ਾਦ ਦੀ ਜੈ ਜੈ ਕਾਰ
ਲੰਡਨ ਕੋਰਟ ਅੰਦਰ ਗੱਜਿਆ
ਊਧਮ ਸਿੰਘ ਸਰਦਾਰ।

ਡਾ. ਹਰਨੇਕ ਸਿੰਘ ਕਲੇਰ






# ਮੇਰੇ ਸਰੀਰ ਦੀਆਂ ਮੇਰੇ ਨਾਲ ਗੱਲਾਂ!

ਸਾਡਾ ਸਰੀਰ ਸਾਡਾ ਜੀਵਨ ਹੈ। ਦੂਜੇ ਸ਼ਬਦਾਂ ਵਿਚ ਸਰੀਰ ਤੋਂ ਬਿਨਾ ਅਸੀਂ ਆਪਣੇ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦੇ। ਇਹ ਸਾਡਾ ਸਰੀਰ ਹੀ ਹੈ ਜੋ ਸਾਨੂੰ ਏਸ ਸਮਰੱਥ ਬਣਾਉਂਦਾ ਹੈ ਕਿ ਅਸੀਂ ਕਾਮਯਾਬੀ ਦੀਆਂ ਮੰਜਿਲਾਂ ਸਰ ਕਰਕੇ ਬੁਲੰਦੀਆਂ ਤੱਕ ਪਹੁੰਚੀਏ। ਸਮਾਜ ਵਿਚ ਸਾਡੀ ਪਹਿਚਾਣ ਇਸੇ ਦੁਆਰਾ ਹੀ ਬਣਦੀ ਹੈ, ਇਥੋਂ ਤੱਕ ਕਿ ਕਈ ਵਾਰ ਕੋਈ ਸਮਾਜਿਕ ਰੁਤਬਾ ਵੀ ਸਰੀਰ ਨੂੰ ਹੀ ਮੁੱਖ ਰੱਖਕੇ ਮਿਲਦਾ ਹੈ। ਰਿਸ਼ਤੇ ਨਾਤਿਆਂ ਵਿਚ ਸਰੀਰ ਦੀ ਬੜੀ ਅਹਿਮੀਅਤ ਹੈ, ਬਹੁਤੀ ਵਾਰ ਸਰੀਰ ਦੀ ਵਜ੍ਹਾ ਨਾਲ ਹੀ ਰਿਸ਼ਤੇ ਬਣਦੇ ਤੇ ਵਿਗੜਦੇ ਹਨ।

ਬੇਸ਼ੱਕ ਮੂੰਹ ਸਰੀਰ ਦਾ ਇਕ ਅੰਗ ਹੈ, ਜੋ ਖਾਂਦਾ ਤੇ ਬੋਲਦਾ ਹੈ, ਪਰ ਉਹ ਜੋ ਵੀ ਬੋਲਦਾ ਹੈ, ਸਾਡੀ ਬੋਲੀ ਬੋਲਦਾ ਹੈ, ਸਰੀਰ ਦੀ ਨਹੀਂ। ਮੰਨ ਲਓ ਕਿ ਜੇਕਰ ਸਾਡਾ ਸਰੀਰ ਬੋਲਦਾ ਹੁੰਦਾ ਤਾਂ ਸਾਨੂੰ ਕੀ ਕਹਿੰਦਾ, ਇਹ ਹਥਲੀ ਚਰਚਾ ਇਸੇ ਨੁਕਤੇ ਨੂੰ ਮੁੱਖ ਰੱਖਕੇ ਕੀਤੀ ਜਾ ਰਹੀ ਹੈ।



ਮੇਰੇ ਸਰੀਰ ਨੇ ਇਕ ਦਿਨ ਮੇਰੇ ਨਾਲ ਜੋ ਗੱਲਾਂ ਬਾਤਾਂ ਕੀਤੀਆਂ, ਇਥੇ ਮੈਂ ਉਹਨਾਂ ਨੂੰ ਇਨਬਿਨ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ, ਤੇ ਲਓ ਫੇਰ ਪੇਸ਼ ਹਨ ਮੇਰੇ ਸਰੀਰ ਦੀਆਂ ਮੇਰੇ ਨਾਲ ਗੱਲਾਂ।

ਕਿੱਦਾ ਬਈ ਸ਼ਿੰਗਾਰਾ ਸਿੰਹਾਂ, ਕੀ ਹਾਲ ਹੈ? ਮੈਂ ਤੇਰਾ ਸਰੀਰ ਬੋਲ ਰਿਹਾਂ। ਪਹਿਲਾਂ ਤਾਂ ਤੇਰਾ ਮੈਂ ਧੰਨਵਾਦ ਕਰਦਾ ਹਾਂ ਕਿ ਤੂੰ ਮੇਰਾ ਖਿਆਲ ਰੱਖਦਾ ਹੈਂ, ਪਰ ਮੇਰਾ ਤੇਰੇ ਨਾਲ ਇੱਕ ਗਿਲਾ ਵੀ ਹੈ ਕਿ ਤੂੰ ਮੇਰਾ ਉਂਨਾ ਖਿਆਲ ਨਹੀਂ ਰੱਖਦਾ, ਜਿੰਨਾ ਤੈਨੂੰ ਮੇਰਾ ਖਿਆਲ ਰੱਖਣਾ ਚਾਹੀਦਾ ਹੈ। ਇਸ ਕਰਕੇ ਮੈਂ ਤੇਰੇ ਨਾਲ ਨਰਾਜ ਵੀ ਹਾਂ। ਤੂੰ ਮੇਰੀ ਵਰਤੋਂ ਵੱਧ ਕਰਦਾ ਹੈਂ ਤੇ ਖਿਆਲ ਘੱਟ ਰੱਖਦਾ ਹੈਂ, ਮੈਨੂੰ ਬਹੁਤੀ ਵਾਰ ਇਸ ਤਰਾਂ ਲਗਦਾ ਹੈ ਕਿ ਤੂੰ ਇਕ ਮਤਲਬ ਪ੍ਰਸਤ ਬੰਦਾ ਹੈਂ, ਇਸ ਕਰਕੇ ਜਦੋਂ ਮੇਰੀ ਲੋੜ ਹੁੰਦੀ ਹੈ ਤਾਂ ਖਿਆਲ ਰੱਖ ਲੈਂਦਾ ਹੈਂ ਨਹੀਂ ਤਾਂ ਮੇਰੇ ਵੱਲ ਕੰਡ ਕਰ ਲੈਂਦਾ ਹੈਂ।

ਸ਼ਿੰਗਾਰਾ ਸਿੰਹਾਂ! ਤੂੰ ਚੰਦ ਛਿਲੜਾ ਬਦਲੇ ਮੇਰੀ ਧੂਹ ਘਸ਼ੀਟ ਵੀ ਬਹੁਤ ਕਰਦਾ ਹੈ, ਮੈਨੂੰ ਭੁੱਖਾ ਤੇ ਪਿਆਸਾ ਰੱਖਦਾ ਹੈਂ, ਲੋੜ ਵੇਲੇ ਮੈਨੂੰ ਭੋਜਨ ਨਹੀਂ ਦੇਂਦਾ ਜਾਂ ਫਿਰ ਜੋ ਹੱਥ ਆਇਆ ਬਿਨਾ ਸੋਚੇ ਸਮਝੇ ਖਾਈ ਜਾਂਦਾ ਹੈਂ । ਇਸ ਕਰਕੇ ਕਈ ਵਾਰ ਮੈਨੂੰ ਬੜੀ ਤਕਲੀਫ ਹੰਦੀ ਹੈ, ਕਦੀ ਮਰੋੜ ਤੇ ਕਦੀ ਕਬਜ ਹੁੰਦੀ ਹੈ, ਪਰ ਤੂੰ ਪਰਵਾਹ ਨਹੀ ਕਰਦਾ ਤੇ ਮੇਰੇ ਨਾਲ ਧੱਕੇ ਦਰ ਧੱਕਾ ਕਰਦਾ ਚਲਿਆ ਜਾਂਦਾ ਹੈਂ ।

ਮੇਰੀ ਗੱਲ ਕੰਨ ਖੋਹਲਕੇ ਸੁਣ, ਤੂੰ ਮੇਰਾ ਖਿਆਲ ਰੱਖਕੇ, ਮੇਰੇ ਉੱਤੇ ਕੋਈ ਅਹਿਸਾਨ ਨਹੀਂ ਕਰਦਾ ਕਿਉਂਕਿ ਜੇਕਰ ਤੂੰ ਮੇਰਾ ਖਿਆਲ ਰੱਖਦੈਂ ਤਾਂ ਮੈਂ ਵੀ ਤੇਰਾ ਖਿਆਲ ਰੱਖਦਾ ਹਾਂ, ਤੂੰ ਜਿਹੜੇ ਵੀ ਮਿਸ਼ਨ ਨੂੰ ਫਤਿਹ ਕਰਨਾ ਹੁੰਦਾ ਹੈ, ਮੈਂ ਉਸ ਵਾਸਤੇ ਆਪਣੀ ਪੂਰੀ ਹਿੰਮਤ ਅਤੇ ਐਨਰਜੀ ਸਮੇਤ ਤੇਰੇ ਨਾਲ ਖੜ੍ਹਾ ਹੁੰਦਾ ਹਾਂ ।

ਪਰ ਫਿਰ ਵੀ ਮੈ ਤੈਨੂੰ ਅੱਜ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਪੌਸਟਿਕ ਭੋਜਨ ਖੁਆਉਦਾ ਰਹਿ, ਮੇਰੀ ਕਸਰਤ ਕਰਾਉਂਦਾ ਰਹਿ ਤੇ ਮੇਰੀ ਸਾਫ ਸਫਾਈ ਦਾ ਖਿਆਲ ਰੱਖ। ਇਸ ਦੇ ਬਦਲੇ ਮੈਂ ਤੇਰੀ ਹਰ ਲੋੜ ਪੂਰੀ ਕਰਦਾ ਰਹਾਂਗਾ। ਤੈਨੂੰ ਏਨੀ ਕੁ ਫੁਰਤੀ ਤੇ ਐਨਰਜੀ ਦੇਂਦਾ ਰਹਾਗਾ ਕਿ ਤੈਨੂੰ ਕਦੇ ਵੀ ਕਿਸੇ ਤਰਾਂ ਦੀ ਟੋਟ ਨਹੀਂ ਆਵੇਗੀ। ਕਿਸੇ ਅਗੇ ਹੱਥ ਅੱਡਣ ਦੀ ਜ਼ਰੂਰਤ ਨਹੀਂ ਪਵੇਗੀ ਤੇ ਨਾ ਹੀ ਕਿਸੇ ਦਾ ਸਹਾਰਾ ਲੱਭਣਾ ਪਵੇਗਾ ਕਿਉਂਕਿ ਮੈਂ ਆਪਣੇ ਸਾਰੇ ਅੰਗਾ ਨੂੰ ਤੇਰੀ ਭਲਾਈ ਵਾਸਤੇ ਲਗਾ ਦਿਆਗਾ ਤੇ ਉਹ ਪੂਰੇ ਸਮਰਪਣ ਦੀ ਭਾਵਨਾ ਨਾਲ ਤੇਰੀ ਬੇਹਤਰੀ ਵਾਸਤੇ ਕੰਮ ਕਰਦੇ ਰਹਿਣਗੇ।

ਸ਼ਿੰਗਾਰਾ ਸਿੰਹਾਂ! ਕੀ ਤੈਨੂੰ ਯਾਦ ਹੈ ਕਿ ਤੂੰ ਕਈ ਸਾਲ ਮੇਰਾ ਬਿਲਕੁਲ ਵੀ ਧਿਆਨ ਨਹੀਂ ਰੱਖਿਆ ਤੇ ਮੈਂ ਉਹ ਸਾਰੇ ਸਾਲ ਬਹੁਤ ਦੁੱਖ ਤੇ ਤੰਗੀ ਵਿਚ ਕੱਟੇ ਹਨ। ਕਈ ਬਿਮਾਰੀਆਂ ਦਾ ਸਾਹਮਣਾ ਕੀਤਾ, ਕਈ ਵਾਰ ਬਿਮਾਰੀਆ ਨਾਲ ਕਮਜ਼ੋਰ, ਨੱਢਾਲ ਤੇ ਬੇਹਾਲ ਵੀ ਹੋਇਆ ਪਰ ਫਿਰ ਵੀ ਮੈਂ ਤੇ ਮੇਰੇ ਪਰਿਵਾਰ। ਸਰੀਰ ਦੇ ਬਾਕੀ ਅੰਗਾਂ) ਤੇਰਾ ਲਾਥ ਨਹੀ ਛੱਡਿਆ, ਆਪ ਦੁੱਖ ਝੱਲਕੇ ਵੀ, ਤੈਨੂੰ ਹਰ ਸਹੂਲਤ ਪਰਦਾਨ ਕਰਨ ਦੀ ਕੋਸ਼ਿਸ਼ ਕੀਤੀ, ਪਰ ਹੁਣ ਮੈਂ ਤੈਨੂੰ ਦੱਸਣਾ ਚਾਹੰਦਾ ਹਾਂ ਤੇ ਖਬਰਦਾਰ ਵੀ ਕਰਨਾ ਚਾਹੰਦਾ ਹਾਂ ਕਿ ਮੇਰੇ ਬਿਨਾ ਤੇਰਾ ਆਪਣਾ ਕੋਈ ਵੀ ਵਜੂਦ ਨਹੀਂ, ਮੇਰੇ ਬਿਨਾਂ ਤੇਰਾ ਕੋਈ ਵੀ ਸਕਾ ਸੁਹੇਲਾ ਅਤੇ ਰਿਸ਼ਤੇਦਾਰ ਨਹੀਂ, ਜੇਕਰ ਮੈਂ ਹੁਣ ਬਿਮਾਰ ਹੋ ਗਿਆ ਤੇਰੀ ਬਾਤ ਪੁੱਛਣ ਵਾਲਾ ਵੀ ਕੋਈ ਨਹੀਂ ।

ਇਹ ਮੈਂ ਹੀ ਹਾਂ, ਜੋ ਤੈਨੂੰ ਸੰਭਾਲਦਾ ਹਾਂ, ਹਰ ਜਗਾ ਲੈ ਕੇ ਜਾਂਦਾ ਹਾਂ ਜਦ ਕਿ ਇਹ ਤੈਨੂੰ ਵੀ ਪਤਾ ਹੈ ਕਿ ਮੇਰੇ ਬਿਨਾਂ ਤੂੰ ਕਿਧਰੇ ਵੀ ਨਹੀਂ ਜਾ ਸਕਦਾ। ਜੇਕਰ ਮੈਂ ਬਿਮਾਰ ਹੋ ਗਿਆ ਤਾਂ ਤੂੰ ਵੀ ਮੰਜੇ 'ਤੇ ਪੈ ਜਾਵੇਗਾ। ਜੇਕਰ ਮੈਂ ਪਹਾੜ ਚੜ ਗਿਆ ਤਾ ਤੂੰ ਵੀ ਚੜ੍ਹ ਜਾਵੇਂਗਾ।

ਮੇਰੀ ਸ਼ਿਕਾਇਤ ਇਹ ਹੈ ਕਿ ਹੁਣ ਛੇ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਸ਼ਿੰਗਾਰਾ ਸਿੰਹਾ! ਮੈਨੂੰ ਇਹ ਗੱਲ ਬਹੁਤ ਦੁੱਖ ਨਾਲ ਕਹਿਣੀ ਪੈ ਰਹੀ ਹੈ ਕਿ ਤੂੰ ਮੇਰਾ ਅਜੇ ਤੱਕ ਮੈਡੀਕਲ ਚੈਕ ਵੀ ਨਹੀ ਕਰਵਾਇਆ। ਦੂਜੇ ਪਾਸੇ ਤੂੰ ਆਪਣੀ ਕਾਰ ਦੀ ਸਰਵਿਸ ਤੇ ਚੈੱਕ ਅੱਪ ਹਰ ਛੇ ਮਹੀਨੇ ਬਾਅਦ ਬਿਨਾ ਨਾਗਾ ਕਰਵਾਉਦਾ ਰਹਿੰਦਾ ਹੈਂ। ਆਪਾਂ ਦੋਵੇਂ ਜਿੰਦਗੀ ਦੇ ਪਹਿਲੇ ਦਿਨ ਤੋਂ ਹੀ ਇਕੱਠੇ ਰਹਿੰਦੇ ਹਾਂ, ਮੈਂ ਹਰ ਔਖੇ ਸੌਖੇ ਸਮੇਂ ਵਿਚ ਤੇਰੇ ਨਾਲ ਹਾਂ, ਪਰ ਹੈਰਾਨ ਹਾਂ ਕਿ ਤੈਨੂ ਮੇਰੀ ਕੋਈ ਵੀ ਤਕਲੀਫ ਦਿਸਦੀ ਹੀ ਨਹੀ, ਮੇਰੇ ਅੰਦਰ ਕੀ ਚੱਲ ਰਿਹਾ ਹੈ, ਮੈ ਅੰਦਰੋ ਕਿੰਨਾ ਕਮਜੋਰ ਹੋ ਚੁੱਕਾ ਹਾਂ, ਮੇਰੇ ਅੰਦਰ ਕਿਹੜੀ ਤੀਜ ਦੀ ਕਮੀ ਹੈ, ਇਹ ਸਭ ਤੂੰ ਚੰਗੀ ਤਰ੍ਹਾਂ ਜਾਣਦੈਂ ਹੈਂ ਕਿ ਇਕ ਡਾਕਟਰ ਹੀ ਪਤਾ ਕਰਕੇ ਦੱਸ ਸਕਦਾ ਹੈ ਪਰ ਤੂੰ 'ਤੇ ਮੇਰੇ ਵਾਸਤੇ ਸਿੱਲ ਪੱਥਰ ਬਣ ਗਿਆ ਏ, ਕਦੇ ਡਾਕਟਰ ਤੋਂ ਮੇਰੀ ਸਿਹਤ ਦਾ ਹਾਲ ਚਾਲ ਜਾਨਣ ਵਾਸਤੇ ਰਿਪੋਰਟ ਤਿਆਰ ਕਰਾਉਣ ਦੀ ਜ਼ਰੂਰਤ ਵੀ ਨਹੀਂ ਸਮਝੀ ।

ਬੱਸ ਹੁਣ ਬਹੁਤ ਹੋ ਗਈ, ਹੁਣ ਤੂੰ ਬੰਦਾ ਬਣਜਾ, ਨਹੀਂ ਤਾਂ ਮੇਰੇ ਤੋਂ ਹੱਥ ਧੋਅ ਲਏਂਗਾ । ਇਸ ਕਰਕੇ ਮੈਂ ਫਿਰ ਕਹਿੰਦਾ ਹਾਂ ਕਿ ਜੇਕਰ ਮੈਂ ਹਾਂ ਤੇ ਤੂੰ ਹੈਂ, ਜੇਕਰ ਮੈਂ ਨਹੀਂ ਤੇ ਤੂੰ ਵੀ ਨਹੀਂ।

ਮੈਨੂੰ ਪਤਾ ਹੈ ਕਿ ਜਿਵੇਂ ਜਿਵੇਂ ਤੇਰੀ ਉਮਰ ਦੇ ਸਾਲਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਤੇਰੇ ਅੰਦਰ ਮੌਤ ਦਾ ਡਰ ਬਹੁਤ ਵਧਦਾ ਜਾ ਰਿਹਾ ਹੈ । ਦੂਜੇ ਪਾਸੇ ਤੈਨੂੰ ਵੀ ਇਹ ਪਤਾ ਹੈ ਕਿ ਤੂੰ ਮੇਰਾ ਖਿਆਲ ਰੱਖੇਂਗਾ ਤਾਂ ਮੇਰੀ ਤੰਦਰੁਸਤੀ ਬਣੀ ਰਹਿਣ ਕਰਕੇ ਤੇਰੇ ਮਨ ਚ ਕਦੇ ਵੀ ਮੌਤ ਦਾ ਭੈਅ ਪੈਦਾ ਨਹੀਂ ਹੋਵੇਗਾ, ਪਰ ਫਿਰ ਵੀ ਪਤਾ ਨਹੀਂ ਤੇਰੀ ਕਿਹੜੀ ਮਜਬੂਰੀ ਹੈ ਕਿ ਤੂੰ ਮੇਰਾ ਸਾਥ ਨਹੀਂ ਦੇ ਰਿਹਾ। ਮੈਂ ਜਾਣਦਾ ਹਾਂ ਕਿ ਆਪਣੀ ਜਿੰਦਗੀ ਵਿਚ ਨਿਤ ਦਿਨ ਬਹੁਤ ਸਾਰੀਆਂ ਮੁਸ਼ਕਲਾਂ ਤੇ ਪਰੇਸ਼ਾਨੀਆਂ ਨਾਲ ਦੋ ਚਾਰ ਹੁੰਦਾ ਹੈਂ, ਪਰ ਇਹ ਵੀ ਯਾਦ ਰੱਖ ਕਿ ਜਦੋਂ ਮੈਂ ਬਿਮਾਰ ਹੁੰਦਾ ਹਾਂ ਤਾਂ ਉਸ ਵੇਲੇ ਤੇਰੀ ਸਿਰਫ ਇਕ ਹੀ ਪਰੇਸ਼ਾਨੀ ਹੁੰਦੀ ਹੈ ਕਿ ਮੈਂ ਮੜ ਤੋਂ ਤੰਦਰੁਸਤ ਕਿਵੇਂ ਹੋਣਾ ਹੈ ?

ਹਾਂ ! ਇਕ ਗੱਲ ਹੋਰ ਦੱਸਦਿਆਂ, ਉਹ ਇਹ ਕਿ ਅੱਜ ਕਲ੍ਹ ਜਿੰਨੀਆਂ ਵੀ ਭਿਆਨਕ ਬਿਮਾਰੀਆਂ ਮੈਨੂੰ ਲਗਦੀਆਂ ਹਨ, ਉਹ ਸਭ ਤੇਰੀਆਂ ਤੇ ਤੇਰੇ ਵਰਗੇ ਹੋਰ ਮੂਰਖ ਲੋਕਾਂ ਦੀਆਂ ਹੀ ਪੈਦਾ ਕੀਤੀਆਂ ਹੋਈਆਂ ਹਨ। ਤਰ੍ਹਾਂ-ਤਰ੍ਹਾਂ ਦਾ ਕੈਂਸਰ, ਬਲੱਡ ਸ਼ੂਗਰ, ਬਲੱਡ ਪਰੈਸ਼ਰ, ਨਿਓਰੋਪੈਥੀ, ਗਠੀਆ, ਆਂਤੜੀ ਰੋਗ, ਇੰਸੂਲਿਨ ਰਿਜੈਸਟਿੰਸ ਅਤੇ ਚਮੜੀ ਦੀਆਂ ਬਿਮਾਰੀਆਂ ਆਦਿ ਸਭ ਦਾ ਜਿੰਮੇਵਾਰ ਤੂੰ ਹੀ ਹੈਂ। ਤੂੰ ਜੋ ਬੀਜਦਾ ਹੈਂ ਓਹੀ ਵੱਢਦਾ ਹੈਂ। ਜਹਿਰਾਂ ਦੀ ਖੇਤੀ ਕਰੇਂਗਾ ਤਾਂ ਕਦੇ ਵੀ ਅਮ੍ਰਿਤ ਨਹੀਂ ਪੀ ਸਕੇਂਗਾ। ਕੀੜੇ ਮਾਰ ਸਪਰੇਆਂ ਦਾ ਛਿੜਕਾਅ ਕਰੇਂਗਾ ਤਾਂ ਉਹਨਾਂ ਨਾਲ ਸਿਰਫ ਕੀੜੇ ਮਕੌੜੇ ਹੀ ਨਹੀਂ ਮਰਨਗੇ ਬਲਕਿ ਉਹਨਾਂ ਸਪਰੇਆਂ ਦਾ ਮਾੜਾ ਅਸਰ ਮੇਰੇ ਉਤੇ ਵੀ ਪਵੇਗਾ।

ਸ਼ਿੰਗਾਰਾ ਸਿੰਹਾਂ! ਤੂੰ ਬਹੁਤ ਖੁਦਗਰਜ ਹੋ ਗਿਆਂ, ਤੂੰ ਆਪਣੀਆਂ ਅੱਖਾਂ ਉੱਤੇ ਪੈਸੇ ਤੇ ਪਦਾਰਥ ਦੀ ਐਨਕ ਲਗਾ ਕੇ ਪੂਰੀ ਤਰਾਂ ਅੰਨ੍ਹਾ ਹੋ ਗਿਆਂ। ਇਸ ਚੁੰਦਿਆਹਟ ਵਿਚ ਤੂੰ ਦੂਸਰਿਆ ਦਾ ਭਲਾ ਤਾਂ ਕੀ ਕਰਨਾ, ਸਗੋਂ ਤੂੰ ਤਾਂ ਇਹ ਜਾਣਦਿਆਂ ਹੋਇਆਂ ਵੀ ਕਿ ਮੇਰੇ ਬਿਨਾਂ ਤੂੰ ਕੁੱਝ ਵੀ ਨਹੀਂ , ਤੇਰੀ ਹੋਂਦ ਹਸਤੀ ਵੀ ਨਹੀਂ, ਪਰ ਤਦ ਵੀ ਤੂੰ ਮੇਰਾ ਵੀ ਦੁਸ਼ਮਣ ਹੋ ਨਿੱਬੜਿਆਂ ।

ਅਜਕਲ੍ਹ ਮੈਂ ਬਿਮਾਰ ਰਹਿੰਦਾਂ, ਸਿਰਫ ਤੇਰੀਆਂ ਗਲਤੀਆਂ ਕਰਕੇ, ਤੇਰੀ ਲਾ ਪ੍ਰਵਾਹੀ ਕਰਕੇ। ਮੈਂ ਦਿਨੋ ਦਿਨ ਕਮਜ਼ੋਰ ਹੋ ਰਿਹਾ ਹਾਂ, ਆਪਣੀ ਉਮਰ ਤੋਂ ਬਹੁਤ ਵਡੇਰਾ ਲੱਗ ਰਿਹਾ ਹਾਂ। ਮੈਂ ਤੇਰੇ ਨਾਲ ਬਹੁਤ ਨਰਾਜ ਹਾਂ, ਮੇਰੀ ਹਾਲਤ ਤੂੰ ਅਜਿਹੀ ਕਰ ਦਿੱਤੀ ਹੈ ਕਿ ਕਈ ਵਾਰ ਮੈਂ ਤੇਰੇ ਨਾਲ ਨਰਾਜ ਹੋਣ ਦੇ ਬਾਵਜੂਦ ਵੀ, ਮੇਰੇ ਵਿਚ ਸੱਤਿਆ ਨਾ ਹੋਣ ਕਰਕੇ, ਮੈਂ ਚਾਹੁੰਦਿਆਂ ਹੋਇਆ ਵੀ ਤੇਰੀ ਕੋਈ ਮੱਦਦ ਨਹੀਂ ਕਰ ਸਕਦਾ।

ਅਜੇ ਵੀ ਡੁਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਉਠ ਜਾਗ, ਆਪਣਾ ਆਪ ਤੇ ਮੈਨੂੰ ਸੰਭ੍ਹਾਲ, ਇਹ ਦੁਨੀਆ ਬਹੁਤ ਸੋਹਣੀ ਹੈ, ਇਸ ਨੂੰ ਮਾਨਣਾ ਹੈ ਤੇ ਮੇਰਾ ਖਿਆਲ ਰੱਖ , ਜੀਭ ਬੇਸ਼ੱਕ ਮੇਰਾ ਹੀ ਇਕ ਅੰਗ ਹੈ, ਪਰ ਇਸ ਦੀ ਲਗਾਮ ਤੇਰੇ ਹੱਥ ਹਥਾਂ ਚ ਹੈ, ਖਾਣ ਤੇ ਬੋਲਣ ਵੇਲੇ ਇਸ ਦਾ ਧਿਆਨ ਰੱਖ, ਲੱਤਾਂ ਪੈਰ, ਅੱਖਾਂ, ਅਤੇ ਕੰਨਾਂ ਦੀ ਸੰਭਾਲ ਕਰਨ ਵਾਸਤੇ ਤੂੰ ਮੇਰੀ ਸੰਭਾਲ ਕਰ ਤੇ ਮੈ ਇਹਨਾਂ ਦੀ ਸੰਭਾਲ ਕਰਕੇ ਤੇਰੀ ਦੁਨੀਆ ਹੋਰ ਖੂਬਸੂਰਤ ਬਣਾਵਾਂਗਾ ।

ਮੈਨੂੰ ਪੂਰੀ ਆਸ ਹੈ ਕਿ ਇਸ ਵਾਰ ਤੂੰ ਮੇਰੀ ਕਿਸੇ ਵੀ ਗੱਲ ਨੂੰ ਅਣਗੌਲਿਆਂ ਨਹੀਂ ਕਰੇਂਗਾ ਤੇ ਮੇਰਾ ਪੁਰ ਖਿਆਲ ਰੱਖਣਾ ਸ਼ੁਰੂ ਕਰ ਦੇਏਂਗਾ । ਤੇਰੇ ਵਲੋਂ ਇਸ ਤਰਾਂ ਕਰਨ ਨਾਲ ਮੈਨੂੰ ਤੰਦਰੁਸਤੀ ਦੀ ਨਿਆਮਤ ਮਿਲੇਗੀ, ਮੈਂ ਬਹੁਤ ਪ੍ਰਸੰਨ ਹੋਵਾਂਗਾ ਤੇ ਬਦਲੇ ਵਿਚ ਮੈਂ, ਤੈਨੂੰ ਆਪਣੀਆਂ ਭਰਪੂਰ ਤੇ ਅਣਥੱਕ ਸੇਵਾਵਾਂ ਦੇ ਕੇ ਅਤਿਅੰਤ ਖੁਸ਼ੀ ਮਹਿਸੂਸ ਕਰਾਂਗਾ ।

ਰੱਬ ਤੈਨੂੰ ਸੁਮੱਤ ਬਖਸ਼ੇ ।
ਤੇਰਾ ਆਪਣਾ ਸਰੀਰ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)

## (ਇਕ ਕੁੜੀ ਹੁੰਦੀ ਸੀ)

ਸੁਣਿਆ ਕੁਝ
ਇਕ ਕੁੜੀ ਹੁੰਦੀ ਸੀ
ਗੱਲਾਂ ਚੱਲ ਰਹੀਆਂ ਹਨ
ਸੱਥਾਂ ਵਿੱਚ , ਚੌਂਕਿਆਂ ਵਿੱਚ ,ਗਲੀਆਂ ਵਿੱਚ
ਮਹੱਲੇ ਦੀਆਂ ਸੱਭ ਔਰਤਾਂ
ਹੁਣ ਮੂੰਹ ਜੋੜ ਜੋੜ ਕੇ
ਗੱਲਾਂ ਕਰ ਰਹੀਆਂ ਹਨ
ਸੁਣਿਆ ਕੁਝ
ਇਕ ਕੁੜੀ ਹੁੰਦੀ ਸੀ
ਸੱਚੀਂ ਉਹ ਬਹੁਤ ਚੰਗੀ ਸੀ ਉਹ ।

ਮੁਹੱਬਤ ਦਾ ਮੁਜੱਸਮਾ
ਸੀ ਉਹ ਕੋਈ
ਖਿੜੀ ਹੋਈ ਰੂਹ ਲੱਗਦੀ
ਸੀ ਉਹ ਕੋਈ
ਹਰ ਇਕ ਨੂੰ ਹੱਸ ਕੇ ਮਿਲਦੀ
ਸੱਭ ਦੇ ਕੰਮ ਹੱਸ ਹੱਸ ਕਰਦੀ
ਨਾਂਹ ਕਹਿਣਾ ਕਦੀ ਸਿੱਖਿਆ ਨਹੀਂ ਉਸ
ਕਿਸੇ ਨਾਲ ਨਰਾਜ਼ ਨਹੀਂ ਸੀ ਹੁੰਦੀ ਉਹ
ਅੱਜ ਚੱਲੇ ਗਈ ਉਹ
ਸੱਭ ਨੂੰ ਛੱਡ
ਤੇ ਹੁਣ ਸੱਭ ਕਹਿ ਰਹੇ ਹਨ
ਸੁਣਿਆ ਕੁਝ
ਇੱਕ ਕੁੜੀ ਹੁੰਦੀ ਸੀ
ਸੱਚੀਂ ਬਹੁਤ ਚੰਗੀ ਸੀ ਉਹ ।

ਸੱਭ ਨੂੰ ਬਹੁਤ ਸਨੇਹ ਕਰਦੀ ਸੀ
ਕੰਮ ਕਰਨ ਦਾ ਇੱਕ ਨਸ਼ਾ ਸੀ ਉਸਨੂੰ
ਝੱਲ ਸੀ ,ਜਨੂੰਨ ਸੀ ਇਕ
ਜੱਦ ਦੇਖੋ ਰਾਤ ਦੋ ਤਿੰਨ ਵਜੇ ਤੱਕ
ਜਾਗਦੀ ਰਹਿੰਦੀ ਸੀ ਉਹ
ਪੁੱਛੋ ਕਿ ਤੂੰ ਸੁੱਤੀ ਕਿਉਂ ਨਹੀਂ ਅਜੇ ਤੱਕ
ਕਹਿੰਦੀ ਨੀ ਭੈਣੇ ਇਹੀ ਸਮਾਂ ਤੇ
ਮੇਰੇ ਕੰਮ ਦਾ ਹੁੰਦਾ ਹੈ
ਚਾਹੇ ਸੌਂ ਜਾਵਾਂ , ਅਰਾਮ ਕਰਾਂ
ਜਾਂ ਕੰਮ ਕਰ ਲਵਾਂ
ਦਿਨੇ ਹੋਰ ਬਹੁਤ ਰੁਝੇਵੇਂ ਹੁੰਦੇ ਹਨ
ਤੇ ਹੁਣ ਸੱਭ ਕਹਿ ਰਹੇ ਹਨ
ਸੁਣਿਆ ਕੁਝ
ਇੱਕ ਕੁੜੀ ਹੁੰਦੀ ਸੀ
ਸੱਚੀਂ ਬਹੁਤ ਚੰਗੀ ਸੀ ਉਹ ।

ਇੱਕ ਕੁੜੀ ਹੁੰਦੀ ਸੀ
ਜਿਸਨੇ ਜ਼ਿੰਦਗੀ ਵਿੱਚ
ਬਹੁਤ ਦੁੱਖ ਉਠਾਏ ਪਰ
ਦਰਦ ਸਹਿਕੇ ਵੀ ਉਹ
ਹਮੇਸ਼ਾਂ ਮੁਸਕਰਾਉਂਦੀ ਰਹਿੰਦੀ
ਆਪਣੇ ਦਰਦ ਭੁਲਾ
ਦੂਸਰਿਆਂ ਦੇ ਦਰਦ ਵਿਚ
ਸ਼ਰੀਕ ਹੁੰਦੀ ਤੇ
ਜਿੰਨਾ ਹੋ ਸਕਦਾ ਮਦਦ ਕਰਦੀ
ਉਹਨਾਂ ਦੀ ਹਮੇਸ਼ਾਂ ਉਹ
ਤੇ ਹੁਣ ਸੱਭ ਕਹਿ ਰਹੇ ਹਨ
ਸੁਣਿਆ ਕੁਝ
ਇੱਕ ਕੁੜੀ ਹੁੰਦੀ ਸੀ
ਸੱਚੀਂ ਬਹੁਤ ਚੰਗੀ ਸੀ ਉਹ ।

ਹੁਣ ਮੂੰਹ ਜੋੜ ਜੋੜ
ਸੱਭ ਗੱਲਾਂ ਕਰ ਰਹੇ ਹਨ
ਅਸੀਂ ਤੇ ਉਸਨੂੰ ਸੱਭ
ਕਮਲੀ ਹੀ ਸਮਝਦੇ ਰਹੇ
ਐਵੇਂ ਸੱਭ ਦੇ ਕੰਮ ਕਰ ਦਿੰਦੀ ਹੈ
ਕਿਸੇ ਦਾ ਬੁਰਾ ਨਹੀਂ ਚਿਤਵਦੀ
ਕਦੀ ਉਹ
ਜਿਉਂਦੇ ਜੀ ਕਹਿੰਦੀ ਰਹੀ ਸੱਭ ਨੂੰ
ਕਦਰ ਕਰਨੀ ਹੈ ਕਿਸੇ ਦੀ ਤੇ
ਜਿਉਂਦਿਆਂ ਦੀ ਕਰੋ ਫਿਰ
ਵੇਲਾ ਹੱਥ ਨਹੀਂ ਆਉਂਦਾ
ਅਸੀਂ ਉਸਦਾ ਮਜ਼ਾਕ ਹੀ
ਬਣਾਉਂਦੇ ਰਹੇ ਤੇ ਹੁਣ
ਜੱਦ ਉਹ ਨਹੀਂ ਰਹੀ
ਤੇ ਹੁਣ ਸੱਭ ਕਹਿ ਰਹੇ ਹਨ
ਸੁਣਿਆ ਕੁਝ
ਇੱਕ ਕੁੜੀ ਹੁੰਦੀ ਸੀ
ਸੱਚੀਂ ਬਹੁਤ ਚੰਗੀ ਸੀ ਉਹ
ਇੱਕ ਕੁੜੀ ਹੁੰਦੀ ਸੀ
ਹੁੰਦੀ ਸੀ ਇੱਕ ਕੁੜੀ ।



(ਰਮਿੰਦਰ ਰੰਮੀ)

## ਕਿੱਸਾ ਹੀਰ ਰਾਂਝਾ ਲਿਖਣ ਬਾਰੇ

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ, ਕਿੱਸਾ ਹੀਰ ਦਾ ਨਵਾਂ ਬਣਾਈਏ ਜੀ ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ, ਜੀਭ ਸੁਹਣੀ ਨਾਲ ਸੁਣਾਈਏ ਜੀ ।
ਨਾਲ ਅਜਬ ਬਹਾਰ ਦੇ ਸ਼ਿਅਰ ਕਹਿ ਕੇ, ਰਾਂਝੇ ਹੀਰ ਦਾ ਮੇਲ ਕਰਾਈਏ ਜੀ ।
ਯਾਰਾਂ ਨਾਲ ਬਹਿ ਕੇ ਵਿਚ ਮਜਲਿਸਾਂ, ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ ।
(ਝੋਕ=ਡੇਰਾ ਪਿੰਡ, ਮਜਾਲਸਾਂ=ਮਜਲਸ ਦਾ ਬਹੁ-ਵਚਨ, ਪਾਠ ਭੇਦ: ਕਿੱਸਾ=ਇਸ਼ਕ, ਜੀਭ ਸੁਹਣੀ=ਢਬ ਸੁਹਣੇ, ਬਹਿਕੇ ਵਿਚ ਮਜਲਿਸਾਂ= ਮਜਾਲਸਾਂ ਵਿੱਚ ਬਹਿ ਕੇ)

### ਵਾਕ ਕਵੀ

ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ, ਕਿੱਸਾ ਅਜਬ ਬਹਾਰ ਦਾ ਜੋੜਿਆ ਏ ।
ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ, ਨਵਾਂ ਫੁਲ ਗੁਲਾਬ ਦਾ ਤੋੜਿਆ ਏ ।
ਬਹੁਤ ਜੀਉ ਦੇ ਵਿੱਚ ਤਦਬੀਰ ਕਰਕੇ, ਫ਼ਰਹਾਦ ਪਹਾੜ ਨੂੰ ਤੋੜਿਆ ਏ ।
ਸੱਭਾ ਵੀਣ ਕੇ ਜ਼ੇਬ ਬਣਾਇ ਦਿੱਤਾ, ਜੇਹਾ ਇਤਰ ਗੁਲਾਬ ਨਚੋੜਿਆ ਏ ।
(ਬਹਾਰ=ਸੁਹਣਾ,ਖੁਸ਼ੀ, ਦਰੁਸਤ=ਠੀਕ, ਸਹੀ, ਵੀਣ ਕੇ=ਚੁਣ ਕੇ, ਜ਼ੇਬ=ਸੁੰਦਰ)

### ਕਿੱਸੇ ਦਾ ਆਰੰਭ, ਤਖ਼ਤ ਹਜ਼ਾਰਾ ਅਤੇ ਰਾਂਝੇ ਬਾਰੇ

ਕੇਹੀ ਤਖ਼ਤ ਹਜ਼ਾਰੇ ਦੀ ਸਿਫ਼ਤ ਕੀਜੇ, ਜਿੱਥੇ ਰਾਂਝਿਆਂ ਰੰਗ ਮਚਾਇਆ ਏ ।
ਛੈਲ ਗੱਭਰੂ, ਮਸਤ ਅਲਬੇਲੜੇ ਨੀ, ਸੁੰਦਰ ਹਿੱਕ ਥੀਂ ਹਿੱਕ ਸਵਾਇਆ ਏ ।
ਵਾਲੇ ਕੋਕਲੇ, ਮੁੰਦਰੇ, ਮਝ ਲੁੰਗੀ, ਨਵਾਂ ਠਾਠ ਤੇ ਠਾਠ ਚੜ੍ਹਾਇਆ ਏ ।
ਕੇਹੀ ਸਿਫ਼ਤ ਹਜ਼ਾਰੇ ਦੀ ਆਖ ਸਕਾਂ, ਗੋਇਆ ਬਹਿਸ਼ਤ ਜ਼ਮੀਨ ਤੇ ਆਇਆ ਏ ।
(ਮਝ=ਲੱਕ ਦੁਆਲੇ, ਲੁੰਗੀ=ਚਾਦਰਾ, ਬਹਿਸ਼ਤ=ਭਿਸਤ; ਪਾਠ ਭੇਦ:ਕੇਹੀ ਤਖ਼ਤ ਹਜ਼ਾਰੇ ਦੀ ਸਿਫ਼ਤ ਕੀਜੇ=ਇੱਕ ਤਖ਼ਤ ਹਜ਼ਾਰਿਉਂ ਗੱਲ ਕੀਚੈ, ਕੇਹੀ ਸਿਫ਼ਤ ਹਜ਼ਾਰੇ ਦੀ ਆਖ ਸਕਾਂ, ਗੋਇਆ ਬਹਿਸ਼ਤ=ਵਾਰਿਸ ਕੀ ਹਜ਼ਾਰੇ ਦੀ ਸਿਫ਼ਤ ਆਖਾਂ, ਗੋਇਆ)

### ਰਾਂਝੇ ਦਾ ਬਾਪ

ਮੌਜੂ ਚੌਧਰੀ ਪਿੰਡ ਦੀ ਪਾਂਧ ਵਾਲਾ, ਚੰਗਾ ਭਾਈਆਂ ਦਾ ਸਰਦਾਰ ਆਹਾ ।
ਅੱਠ ਪੁੱਤਰ ਦੋ ਬੇਟੀਆਂ ਤਿਸ ਦੀਆਂ ਸਨ, ਵੱਡ-ਟੱਬਰਾ ਤੇ ਸ਼ਾਹੂਕਾਰ ਆਹਾ ।
ਭਲੀ ਭਾਈਆਂ ਵਿੱਚ ਪਰਤੀਤ ਉਸਦੀ, ਮੰਨਿਆ ਚੌਂਤਰੇ 'ਤੇ ਸਰਕਾਰ ਆਹਾ ।
ਵਾਰਿਸ ਸ਼ਾਹ ਇਹ ਕੁਦਰਤਾਂ ਰਬ ਦੀਆਂ ਨੀ, ਧੀਦੋ ਨਾਲ ਉਸ ਬਹੁਤ ਪਿਆਰ ਆਹਾ ।
(ਪਾਂਧ=ਇੱਜ਼ਤ,ਪੁਛ ਗਿਛ ਵਾਲਾ, ਦਰਬ=ਦੌਲਤ, ਚੌਂਤਰਾ=ਚਬੂਤਰਾ, ਪਾਠ ਭੇਦ: ਵੱਡ-ਟੱਬਰਾ ਤੇ ਸ਼ਾਹੂਕਾਰ=ਦਰਬ ਤੇ ਮਾਲ ਪਰਿਵਾਰ)




## ਇੱਕ ਐਸੀ ਆਵਾਜ਼, ਜੋ ਹਮੇਸ਼ਾਂ ਲਈ ਅਮਰ ਹੋ ਗਈ

# ਬਰਸੀ ਮੌਕੇ ਸੁਰਾਂ ਦੇ ਜਾਦੂਗਰ ਮੁਹੰਮਦ ਰਫੀ ਨੂੰ ਯਾਦ ਕਰਦਿਆਂ...

ਮੁਹੰਮਦ ਰਫੀ ਦਾ ਜਨਮ 24 ਦਸੰਬਰ 1924 ਨੂੰ ਅੰਮ੍ਰਿਤਸਰ 'ਚ ਪੈਂਦੇ ਇੱਕ ਛੋਟੇ ਜਿਹੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ ਹੋਇਆ ਸੀ। ਰਫੀ ਨੂੰ ਸੰਗੀਤ ਪਰਿਵਾਰਕ ਵਿਰਾਸਤ 'ਚ ਨਹੀਂ ਮਿਲਿਆ। ਰਫੀ ਨੂੰ ਬਚਪਨ ਤੋਂ ਹੀ ਗਾਉਣ ਦਾ ਬਹੁਤ ਸ਼ੌਕ ਸੀ ਪਰ ਉਸਦੇ ਪਿਤਾ ਗਾਉਣ ਦੇ ਸਖਤ ਖਿਲਾਫ ਸਨ ਕਿਉਂਕਿ ਰਫੀ ਦੇ ਪਿਤਾ ਨੂੰ ਰਫੀ ਦਾ ਗਾਇਕ ਬਣਨਾ ਬਿਲਕੁਲ ਵੀ ਪਸੰਦ ਨਹੀਂ ਸੀ। ਜਦੋਂ ਰਫ਼ੀ 15 ਸਾਲ ਦੇ ਹੋਏ ਤਾਂ ਰਫ਼ੀ ਨੇ ਆਪਣੇ ਵੱਡੇ ਭਰਾ ਦੀ ਮਦਦ ਨਾਲ ਸੰਗੀਤ ਸਿਖਿਆ ਹਾਸਿਲ ਕੀਤੀ। ਫੇਰ ਉਨ੍ਹਾਂ ਨੂੰ ਲਾਹੌਰ ਤੋਂ ਜਨਾਬ ਹਾਮਿਦ ਸਾਹਿਬ ਨੇ ਆਲ ਇੰਡੀਆ ਰੇਡੀਓ ਤੇ ਕੁੰਦਨ ਲਾਲ ਸਹਿਗਲ ਦੇ ਇਕ ਪ੍ਰੋਗਰਾਮ ਵਿੱਚ ਗਾਉਣ ਦਾ ਮੌਕਾ ਦਿੱਤਾ। ਉਸ ਸਮੇਂ ਦੇ ਮਸ਼ਹੂਰ ਸੰਗੀਤਕਾਰ ਸ਼ਿਆਮਸੁੰਦਰ ਨੇ ਰਫੀ ਦੀ ਇਸ ਪ੍ਰਤਿਭਾ ਨੂੰ ਸਮਝਿਆ ਅਤੇ ਉਹ ਰਫੀ ਦੇ ਇਹਨੇ ਦੀਵਾਨੇ ਹੋ ਗਏ ਕਿ ਉਹ ਰਫੀ ਨੂੰ ਮੁੰਬਈ ਲੈ ਆਏ ਅਤੇ ਉੱਥੇ ਰਫੀ ਨੂੰ ਪਹਿਲੀ ਵਾਰ ਪੰਜਾਬੀ ਫਿਲਮ 'ਗੁਲਬਲੋਚ' 'ਚ ਗਾਉਣ ਦਾ ਮੌਕਾ ਦਿੱਤਾ। ਉਸ ਸਮੇਂ ਰਫੀ ਦੀ ਉਮਰ ਸਿਰਫ 17 ਸਾਲ ਸੀ।

ਉਦੋਂ ਹੀ ਰਫੀ ਦੀ ਗਾਇਕੀ ਦਾ ਦੌਰ ਸ਼ੁਰੂ ਹੋਇਆ ਅਤੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਫੀ ਜੀ ਨੇ ਨੌਸ਼ਾਦ, ਸਚਿਨ ਦੇਵ ਬਰਮਨ, ਸੀ.ਰਾਮਚੰਦਰ, ਮਦਨ ਮੋਹਨ, ਓ.ਪੀ. ਨਈਅਰ, ਕਲਿਆਣਜੀ, ਆਨੰਦਜੀ, ਲਕਸ਼ਮੀਕਾਂਤ ਪਿਆਰੇਲਾਲ,ਰਵਿੰਦਰ ਜੈਨ, ਇਕਬਾਲ ਕੁਰੈਸ਼ੀ ਆਦਿ ਦੇ ਸੰਗੀਤਕਾਰਾਂ ਨਾਲ ਮਿਲ ਕੇ ਆਪਣੀ ਆਵਾਜ਼ ਦਾ ਐਸਾ ਜਾਦੂ ਬਿਖੇਰਿਆ ਜਿਸ ਨਾਲ ਪਲੇਅਬੈਕ ਗੀਤਾਂ ਨੂੰ ਇਕ ਨਵੀਂ ਪਰਿਭਾਸ਼ਾ ਮਿਲੀ।

ਅੱਜ ਵੀ ਅਗਰ ਅਸੀਂ ਰਫੀ ਦਾ ਕੋਈ ਵੀ ਗੀਤ ਸੁਣਦੇ ਹਾਂ, ਤਾਂ ਅਸੀਂ ਉਸ ਗੀਤ ਨੂੰ ਗਾਉਣ ਤੋਂ ਆਪਣਾ ਮੂੰਹ ਨਹੀਂ ਰੋਕ ਪਾਉਂਦੇ। ਗੀਤ ਭਾਵੇਂ ਸਾਦਾ ਹੀ ਹੋਵੇ ਪਰ ਰਫੀ ਦੀ ਆਵਾਜ਼ ਦਾ ਜਾਦੂ ਉਸ ਵਿਚ ਏਨਾ ਰਸ ਘੋਲਦਾ ਹੈ ਕਿ ਗੀਤ ਕਿਤੋਂ ਦਾ ਕਿਤੇ ਪਹੁੰਚ ਜਾਂਦਾ ਹੈ, ਰਫ਼ੀ ਵਰਗਾ ਗਾਇਕ ਉਮਰਾਂ ਬਾਅਦ ਹੀ ਪੈਦਾ ਹੁੰਦਾ ਹੈ। ਉਨ੍ਹਾਂ ਨੇ ਹਿੰਦੀ, ਪੰਜਾਬੀ, ਤੋਂ ਇਲਾਵਾ ਭਾਰਤ ਦੀਆਂ ਕਈ ਭਾਸ਼ਾਵਾਂ ਵਿੱਚ 26 ਹਜ਼ਾਰ ਤੋਂ ਵੱਧ ਗੀਤ ਗਾਏ।

ਮੁਹੰਮਦ ਰਫੀ ਵਰਗਾ ਦਿਆਲੂ ਇਨਸਾਨ ਵੀ ਬਹੁਤ ਘੱਟ ਹੀ ਮਿਲਦਾ ਹੈ, ਉਹਨਾਂ ਨੇ ਕਦੇ ਸੰਗੀਤਕਾਰ ਤੋਂ ਇਹ ਨਹੀਂ ਪੁੱਛਿਆ ਸੀ ਕਿ ਉਸਨੂੰ ਇੱਕ ਗੀਤ ਗਾਉਣ ਦੇ ਕਿੰਨੇ ਪੈਸੇ ਮਿਲਣਗੇ। ਉਹ ਸਿਰਫ਼ ਗੀਤ ਗਾਉਣ ਆਉਂਦੇ ਸੀ ਤੇ ਕਦੇ-ਕਦਾਈਂ ਇੱਕ ਰੁਪਏ ਵਿਚ ਵੀ ਗੀਤ ਗਾਇਆ ਹੈ। ਰਫੀ ਦੀ ਸ਼ਾਸਤਰੀ ਅਤੇ ਲੋਕ ਸੰਗੀਤ ਨਾਲ ਬਹੁਤ ਡੂੰਘੀ ਪਕੜ ਸੀ। ਰਫ਼ੀ ਨੇ ਗੀਤ ਗਜ਼ਲ ਭਜਨ,ਸ਼ਬਦ ਕੋਰਸ,ਆਦਿ ਨੂੰ ਆਪਣੀ ਮਧੁਰ ਆਵਾਜ਼ ਦਿੱਤੀ। ਫਿਲਮ ਬੈਜੂ ਬਾਵਰਾ ਦਾ ਸੰਗੀਤ ਨੌਸ਼ਾਦ ਦੁਆਰਾ ਤਿਆਰ ਕੀਤਾ ਗਿਆ ਸੀ ਅਤੇ ਰਫੀ ਨੇ ਉਸ ਵਿੱਚ ਗੀਤ ਗਾਇਆ ਸੀ "ਓ ਦੁਨੀਆਂ ਕੇ ਰਖਵਾਲੇ ਸੁਣ ਦਰਦ ਭਰੇ ਮੇਰੇ ਲਾਲੇ" ਜਿਸ ਵਿੱਚ ਆਖਰੀ ਲਾਈਨ ਦੀ ਪੱਟੀ ਨੂੰ ਬਹੁਤ ਜਿਆਦਾ ਉੱਚਾ ਚੁੱਕਣਾ ਸੀ ਅਤੇ ਰਫੀ ਨੇ ਸਫਲਤਾਪੂਰਵਕ ਇਸ ਨੂੰ ਉੱਚਾ ਕੀਤਾ ਅਤੇ ਨੌਸ਼ਾਦ ਸਾਹਿਬ ਨੇ ਉਸ ਗੀਤ ਨੂੰ ਓਕੇ ਕੀਤਾ। ਗੀਤ ਰਿਕਾਰਡ ਕਰਨ ਤੋਂ ਬਾਅਦ ਰਫੀ ਨੂੰ ਬਹੁਤ ਪਸੀਨਾ ਆਇਆ ਹੋਇਆ ਸੀ ਜਿਸ ਨੂੰ ਵੇਖ ਨੌਸ਼ਾਦ ਬੋਲੇ ▯▯, ਰਫੀ ਮੈਂ ਜੋ ਚਾਹੁੰਦਾ ਸੀ ਅੱਜ ਤੁਸੀਂ ਉਹ ਕਰ ਵਿਖਾਇਆ ਹੈ। ਉਹ ਗੀਤ ਅੱਜ ਵੀ ਬਹੁਤ ਹਿੱਟ ਹੈ।



ਬੇਦੀ ਬਲਦੇਵ
ਜਲੰਧਰ
9041925181

ਇਸ ਤਰ੍ਹਾਂ ਰਫੀ ਦੇ ਕਈ ਗੀਤ ਹਿੱਟ ਹੋਏ ਜੋ ਅੱਜ ਵੀ ਓਨੇ ਹੀ ਹਿੱਟ ਹਨ। ਫਿਲਮ 'ਨੀਲਕਮਲ' ਦਾ ਗੀਤ 'ਬਾਬੁਲ ਕੀ ਦੁਆਏ ਲੇਤੀ ਜਾ' ਦੀ ਰਿਕਾਰਡਿੰਗ ਸਮੇਂ ਰਫੀ ਦੀਆਂ ਅੱਖਾਂ 'ਚ ਹੰਝੂ ਆ ਗਏ ਸਨ ਉਹ ਬਾਰ ਬਾਰ ਇਸ ਗੀਤ ਨੂੰ ਗਾਉਣ ਦੀ ਕੋਸ਼ਿਸ਼ ਕਰਦੇ ਪਰ ਰੋ ਪੈਂਦੇ ਅਤੇ ਇਸ ਦਾ ਕਾਰਨ ਇਹ ਸੀ ਕਿ ਗੀਤ ਗਾਉਣ ਤੋਂ ਇਕ ਦਿਨ ਪਹਿਲਾਂ ਹੀ ਰਫ਼ੀ ਦੀ ਬੇਟੀ ਦੀ ਮੰਗਣੀ ਹੋਈ ਸੀ, ਜਿਸ ਕਾਰਨ ਉਹ ਬਹੁਤ ਭਾਵੁਕ ਸਨ ਫਿਰ ਵੀ ਰਫੀ ਸਾਬ ਨੇ ਇਹ ਗੀਤ ਗਾਇਆ ਅਤੇ ਇਸ ਗੀਤ ਲਈ ਉਹਨਾਂ ਨੂੰ 'ਰਾਸ਼ਟਰੀ ਪੁਰਸਕਾਰ' ਵੀ ਮਿਲਿਆ। 1967 ਵਿੱਚ ਪਦਮ ਸ਼੍ਰੀ ਪੁਰਸਕਾਰ ਤੋਂ ਇਲਾਵਾ ਉਨ੍ਹਾਂ ਨੂੰ ਕਈ ਰਾਸ਼ਟਰੀ ਪੁਰਸਕਾਰ ਵੀ ਮਿਲੇ।

ਸੰਗੀਤ ਪ੍ਰੇਮੀਆਂ ਦੇ ਦਿਲਾਂ ਦੀ ਧੜਕਣ ਅਤੇ ਸਾਡੇ ਪੰਜਾਬ ਦੀ ਸ਼ਾਨ, ਮਹੁੰਮਦ ਰਫ਼ੀ 31 ਜੁਲਾਈ 1980 ਨੂੰ ਆਖਰੀ ਸਾਹ ਲੈਕੇ ਆਪਣੇ ਵਲੋਂ ਗਾਏ ਗੀਤਾਂ ਦੀ ਵਿਰਾਸਤ ਸਾਡੇ ਲਈ ਛੱਡ ਗਏ। ਜਿਨ੍ਹਾਂ ਦਾ ਅਸੀਂ ਅੱਜ ਵੀ ਆਨੰਦ ਮਾਣ ਰਹੇ ਹਾਂ। ਰਫ਼ੀ ਨੇ 40 ਸਾਲਾਂ ਤੱਕ ਗੀਤ ਗਾਏ। ਰਫ਼ੀ ਦੀ ਆਵਾਜ਼ ਰੂਹ ਬਣ ਕੇ ਦੇਸ਼-ਵਿਦੇਸ਼ ਦੇ ਲੋਕਾਂ ਦੇ ਕੰਨਾਂ 'ਚ ਸੰਗੀਤ ਦਾ ਰਸ ਘੋਲ ਰਹੀ ਹੈ।



## ਭਾਗ-5

# ਤਸਵੀਰ ਜ਼ਿੰਦਗੀ ਦੀ...

ਨਾਨਕ ਹੱਸਦਾ ਖੇਡਦਾ ਪੰਜ ਸਾਲਾਂ ਦਾ ਹੋ ਗਿਆ, ਨਿੱਕੀਆਂ- ਨਿੱਕੀਆਂ ਸਰਾਰਤਾਂ ਕਰਦਾ, ਉਹ ਆਪਣੀ ਸ਼ਾਹੀ ਉਮਰ ਭੋਗ ਰਿਹਾ ਸੀ,ਗਰੀਬੀ ਕੀ ਹੁੰਦੀ ਹੈ ਉਹ ਇਸ ਗੱਲ ਤੋਂ ਬਿਲਕੁਲ ਹੀ ਅਨਜਾਣ ਸੀ।ਦਾਦਾ,ਦਾਦੀ ਅਤੇ ਮਾਂ ਸਾਰਾ ਦਿਨ ਉਸਦੀਆਂ ਤੋਤਲੀਆਂ ਗੱਲਾਂ ਸੁਣ-ਸੁਣ ਖੁਸ਼ ਹੁੰਦੇ ਰਹਿੰਦੇ।

ਕਦੇ -ਕਦੇ ਵੀਰਪਾਲ ਉਸਦਾ ਭਵਿੱਖ ਸੋਚ ਦੁੱਖੀ ਹੋ ਜਾਂਦੀ ਤੇ ਫਿਰ ਆਪ ਹੀ ਹੌਸਲਾ ਦਿੰਦੀ ਕੇ ਪਰਮਾਤਮਾ ਆਪੇ ਹੀ ਭਲੀ ਕਰੇਗਾ, ਬੈਠੀ -ਬੈਠੀ ਕਦੇ ਰੋਣ ਲੱਗ ਜਾਂਦੀ ਤੇ ਕਦੇ ਆਪੇ ਹੀ ਬਿਨਾਂ ਗੱਲ ਦੇ ਹੱਸਣ ਲੱਗ ਪੈਂਦੀ। ਬੜਾ ਹੀ ਵਚਿੱਤਰ ਜਿਹਾ ਵਿਵਹਾਰ ਕਰਦੀ ਰਹਿੰਦੀ।

ਇੱਕ ਦਿਨ ਸਕੂਲ ਤੋ ਵਾਪਿਸ ਆ ਕੇ ਪਰੀਤੋ ਆਖਦੀ ਹੈ,"ਮਾਂ ਸਰ ਜੀ ਕਹਿੰਦੇ ਸਨ, ਕਿ ਨਾਨਕ ਜੇ ਪੰਜ ਸਾਲਾਂ ਦਾ ਹੋ ਗਿਆ ਹੈ ਤਾਂ ਉਸਨੂੰ ਵੀ ਸਕੂਲ ਵਿੱਚ ਦਾਖਲ ਕਰਵਾ ਦਿਉ।"

"ਠੀਕ ਹੈ ਪੁੱਤ ਕੱਲ੍ਹ ਤੁਸੀਂ ਆਪਣੇ ਨਾਲ ਹੀ ਲੈ ਜਾਣਾ ਵੀਰ ਨੂੰ ਸਕੂਲ, ਮੈਂ ਦੁਪਹਿਰ ਵੇਲੇ ਆ ਕੇ ਦਾਖਲ ਕਰਵਾ ਆਵਾਂਗੀ। ਨਾਲੇ ਹਾਂ ਧਿਆਨ ਰੱਖੀਉ ਵੀਰ ਦਾ ਅਜੇ ਛੋਟਾ ਹੈ। ਆਪਣੀਆਂ ਹੀ ਖੇਡਾਂ ਵਿੱਚ ਨਾ ਲੱਗੀਆਂ ਰਹਿਣਾ। "

"ਠੀਕ ਹੈਂ ਮਾਂ ਤੂੰ ਭੋਰਾ ਫ਼ਿਕਰ ਨਾ ਕਰ......।ਮੇਰਾ ਵੀਰ ਸਾਡੇ ਨਾਲ ਕੱਲ੍ਹ ਨੂੰ ਸਕੂਲ ਜਾਵੇਗਾ ਨਾ........?" ਪਰੀਤੋ ਨਾਨਕ ਨੂੰ ਪੁੱਛਦੀ ਹੈ।

"ਹਾਂ ਪੀਤੋ ਭੈਣ ਜਲੂਲ ਜਾਵਾਂਗਾ....। ਨਾਨਕ ਆਖਦਾ ਹੋਇਆਂ ਬਾਹਰ ਵੱਲ ਭੱਜ ਜਾਂਦਾ ਹੈ।

ਅਗਲੇ ਦਿਨ ਸਵੇਰੇ ਨਾਨਕ ਰੋਣ ਲੱਗ ਗਿਆ ਮੈਂ ਵੀ ਝੋਲਾ ਲੈ ਕੇ ਸਕੂਲ ਜਾਣਾ ਹੈ।

ਪਰੀਤੋ ਨੇ ਆਪਣਾ ਪੁਰਾਣਾ ਝੋਲਾ ਦੋ ਕੁ ਪੁਰਾਣੀਆਂ ਕਿਤਾਬਾਂ ਪਾ ਕੇ ਦੇ ਦਿੱਤਾ।

ਨਾਨਕ ਖੁਸ਼ੀ -ਖੁਸ਼ੀ ਝੋਲਾ ਲੈ ਕੇ ਦੋਵੇਂ ਭੈਣਾਂ ਦੇ ਅੱਗੇ ਅੱਗੇ ਭੱਜਿਆ ਜਾ ਰਿਹਾ ਸੀ, ਕਦੇ ਝੋਲਾ ਵੱਡਾ ਹੋਣ ਕਾਰਨ ਪੈਰਾਂ ਵਿੱਚ ਵੱਜਦਾ , ਕਿਤੇ ਉਹ ਰਸਤੇ ਵਿੱਚ ਪਈਆਂ ਰੋੜੀਆਂ ਨੂੰ ਠੇਡੇ ਮਾਰਦਾ।ਸਕੂਲ ਜਾਣ ਦੀ ਖੁਸ਼ੀ ਵਿੱਚ ਭੱਜਿਆ ਹੀ ਜਾ ਰਿਹਾ ਸੀ।

ਸਕੂਲ ਪਹੁੰਚ ਕੇ ਸਾਰਾ ਹੀ ਦਿਨ ਹਮ ਉਮਰ ਸਾਥੀਆਂ ਨਾਲ ਖੇਡਦਾ ਰਿਹਾ। ਦੁਪਹਿਰ ਵੇਲੇ ਵੀਰਪਾਲ ਸਕੂਲ ਵਿੱਚ ਨਾਨਕ ਦਾ ਨਾਂ ਦਾਖਲ ਕਰਵਾਉਣ ਆ ਗਈ।

ਦਾਖਲ ਕਰਵਾ ਕੇ ਵੀਰਪਾਲ ਨੇ ਨਾਨਕ ਨੂੰ ਘਰੇ ਜਾਣ ਲਈ ਪੁੱਛਿਆ ,ਪਰ ਉਸਨੇ ਨਾਂਹ ਕਰ ਦਿੱਤੀ ਕਿ ਉਹ ਪੀਤੋ ਰਾਣੋ ਭੈਣਾਂ ਨਾਲ ਹੀ ਵਾਪਸ ਆਵੇਗਾ।

ਪੂਰਾ ਦਿਨ ਸਕੂਲੇ ਕਿਵੇਂ ਨਿਕਲ ਗਿਆ ਪਤਾ ਹੀ ਨਹੀਂ ਚੱਲਿਆ ਤੇ ਛੁੱਟੀ ਤੋਂ ਬਾਅਦ ਭੈਣਾਂ ਨਾਲ ਨਾਨਕ ਘਰੇ ਵਾਪਸ ਆਇਆ।

ਘਰੇ ਆਉਂਦੇ ਹੀ ਦਾਦੀ ਪਿਆਰ ਕਰਨ ਲੱਗ ਪਈ,' ਆ ਗਿਆ ਮੇਰਾ ਪੁੱਤ.........ਥੱਕ ਤਾਂ ਨਹੀਂ ਗਿਆ, ਚੱਲ ਰੋਟੀ ਖਾਂਦੇ ਹਾਂ।"ਪਿਆਰ ਨਾਲ ਦਾਦੀ ਉਸ ਦੀਆਂ ਲੱਤਾਂ ਘੁਟਣ ਲੱਗ ਜਾਂਦੀ ਹੈ।

(ਕਦੋਂ ਨਾਨਕ ਨੇ ਦੱਸਵੀਂ ਜਮਾਤ ਪੇਪਰ ਦੇ ਦਿੱਤੇ ਕੁਝ ਵੀ ਪਤਾ ਨਹੀਂ ਚੱਲਿਆ ਸਮੇਂ ਬੀਤਦੇ ਦਾ....ਹੁਣ ਨਾਨਕ ਦੇ ਮੁੱਛਾਂ ਫੁੱਟ ਆਈਆਂ ਸਨ ਤੇ ਸੁੱਖ ਨਾਲ ਸਰੀਰ ਵੀ ਮੱਘਰ ਵਾਂਗ ਗੁੰਦਵਾਂ ਸੀ, ਆਹ ਲੰਮਾ ਕੱਦ ਤੇ ਗੋਰਾ ਚਿੱਟਾ ਸੋਹਣਾ ਜਵਾਨ ,ਵੇਖਣ ਵਾਲੇ ਨੂੰ ਮੋਹ ਲੈਂਦਾ ਸੀ)

ਇੱਕ ਦਿਨ ਦੁਪਹਿਰੇ ਦਾਦੀ ਕੋਲ ਬੈਠਾ ਗੱਲਾਂ ਕਰ ਰਿਹਾ ਸੀ,"ਬੇਬੇ ਆਪਣੇ ਘਰੇ ਇੰਨੀਂ ਗਰੀਬੀ ਕਿਉਂ ਹੈ. .....? "

ਸੀਤੋ ਦੱਸਦੀ ਹੈਂ,"ਪੁੱਤ ਇੱਕ ਤਾਂ ਪੈਲੀ ਥੋੜੀ ਹੈ ਆਪਣੇ ਕੋਲ , ਦੂਜਾ ਤੇਰੇ ਬਾਬੇ ਦੀਆਂ ਦਵਾਈਆਂ...... ਰਹਿੰਦਾ ਕਰਜ਼ੇ ਦਾ ਵਿਆਜ ਬਸ ਸਭ ਕੁਝ ਪੂਰਾ ਕਰ ਰੋਟੀ ਹੀ ਬੱਚਦੀ ਹੈ ਮੁਸ਼ਕਿਲ ਨਾਲ......... ਇਹ ਤਾਂ ਤੇਰੀ ਮਾਂ ਦੀ ਮਿਹਨਤ ਹੈ ਪੁੱਤ ਜਿਹੜੀ ਘਰੇ ਡੰਗਰ ਰੱਖੀ ਬੈਠੀ ਹੈਂ ਜਿਹੜਾ ਘਰ ਦਾ ਖਰਚਾ ਤੋਰੀ ਜਾਂਦੀ ਹੈ ਨਹੀਂ ਤਾਂ ਪਤਾ ਨਹੀਂ ਕੀ ਹੁੰਦਾ......?"

" ਬੇਬੇ ਮੈਂ ਸੋਚਦਾ ਹਾਂ ਕਿ ਬਹੁਤ ਕਰ ਲਈਆਂ ਪੜਾਈਆਂ...... ਹੁਣ ਮੈਂ ਖੇਤੀ ਆਪ ਕਰਿਆ ਕਰੂੰਗਾ। "

ਨਹੀਂ ਪੁੱਤ ਤੂੰ ਅੱਗੇ ਪੜ੍ਹ ਕੀ ਪਤਾ ਕੱਲ੍ਹ ਨੂੰ ਕੋਈ ਨੌਕਰੀ ਹੀ ਮਿਲ ਜਾਵੇ.........ਆਪਣੇ ਘਰ ਦੇ ਵੀ ਦਿਨ ਬਦਲ ਫਿਰ ਜਾਣਗੇ.

....



..!

"

"ਨਹੀਂ ਬੇਬੇ ਨੌਕਰੀ ਦਾ ਤਾਂ ਪਤਾ ਨਹੀਂ...ਪਰ ਮੈਂ ਮਨ ਬਣਾ ਲਿਆ ਹੈਂ ਖੇਤੀ ਕਰਨ ਦਾ..... ਜੇ ਇੰਝ ਹੀ ਚੱਲਦਾ ਰਿਹਾ ਤਾਂ ਪਰੀਤੋ ਤੇ ਰਾਣੋ ਦਾ ਵਿਆਹ ਕਿਵੇਂ ਕਰਨਾ ਹੈ..... ਲੋਕਾਂ ਦੇ ਬਣੇ ਘਰ ਵੇਖ ਕੇ ਮੇਰਾ ਵੀ ਜੀਅ ਕਰਦਾ ਹੈ ਬੇਬੇ ਕੋਠੀ ਪਾਉਣ ਨੂੰ........ ਨਾਲੇ ਠੇਕੇ ਵਾਲਾ ਆਪਾਂ ਨੂੰ ਸਾਰੇ ਪਿੰਡ ਤੋ ਘੱਟ ਠੇਕਾ ਦਿੰਦਾ ਹੈ..... ਮੈਨੂੰ ਇਹ ਵੀ ਗੱਲ ਸਮਝ ਨਹੀਂ ਆਉਂਦੀ।"

" ਪੁੱਤ ਆਪਣੇ ਖੇਤ ਵਿੱਚ ਇੱਕ ਮੋਟਰ ਵੀ ਨਹੀਂ ਲੱਗੀ।ਦੂਜਾ ਪੈਲੀ ਪਿੱਛੇ ਹੋਣ ਕਰਕੇ ਪਾਣੀ ਦੀ ਵਾਰੀ ਵੀ ਘੱਟ ਆਉਂਦੀ ਹੈ, ਅਗਲੇ ਨੂੰ ਪਾਣੀ ਦਾ ਵੀ ਪ੍ਰਬੰਧ ਆਪ ਹੀ ਕਰਨਾ ਪੈਂਦਾ ਹੈ।"

"ਬੇਬੇ ਆਪਾਂ ਵੀ ਲੈ ਲੈਂਦੇ ਹਾਂ ਮੋਟਰ ਦਾ ਕੁਨੈਕਸ਼ਨ.......।"

ਪਰ ਨਾਨਕਾ ਪੈਸੇ ਕਿੱਥੋ ਭਰਾਂਗੇ,ਤੂੰ ਤਾਂ ਐਵੇ ਜਵਾਕਾਂ ਵਾਂਗੂੰ ਜਿੱਦ ਹੀ ਕਰਨ ਲੱਗ ਪਿਆ ਹੈ।"

"ਬੇਬੇ ਤੂੰ ਕੁਝ ਵੀ ਆਖ ਮੈਂ ਖੇਤੀ ਤਾਂ ਹੁਣ ਆਪ ਹੀ ਕਰਨੀ ਹੈਂ।"

"ਵੀਰਪਾਲ..... ਨੀ ਵੀਰਪਾਲ ਸੁਣ ਲਾ ਤੇਰਾ ਨਾਨਕ ਕੀ ਆਖੀਂ ਜਾਂਦਾ ਹੈ.....?"

" ਕੀ ਕਹਿੰਦਾ ਹੈ ਬੇਬੇ..... ਮੈਨੰ ਕੀ ਪਤਾ ਹੈ ਗੱਲਾਂ ਤਾਂ ਤੁਸੀਂ ਦਾਦੀ ਪੋਤਾ ਕਰੀਂ ਜਾਂਦੇ ਹੋ, ਮੈ ਤਾਂ ਰੋਟੀਆਂ ਪਕਾਈ ਜਾਂਦੀ ਹਾ।"

"ਨੀ ਉਹ ਹੀ ਦੱਸਦੀ ਹਾਂ ਨਾਨਕ ਕਹਿੰਦਾ ਹੈ ਹੁਣ ਪੈਲੀ ਠੇਕੇ ਤੇ ਨਹੀਂ ਦੇਣੀ..... ਇਹ ਆਪ ਹੀ ਖੇਤੀ ਕਰਿਆ ਕਰੇਗਾ।"

"ਇਹਦਾ ਦਿਮਾਗ਼ ਖਰਾਬ ਹੋ ਗਿਆ ਹੈ ਬੇਬੇ ਨਵਾਂ -ਨਵਾਂ ਜਵਾਨ ਹੋਇਆ ਹੈ , ਆਪੇ ਦੋ ਦਿਨਾਂ ਵਿੱਚ ਇਸਦੇ ਸਿਰ ਉੱਤੋਂ ਇਹ ਖੇਤੀ ਵਾਲਾ ਭੂਤ ਉੱਤਰ ਜਾਵੇਗਾ।"

" ਨਹੀਂ ਮਾਂ ਤੂੰ ਕੁਝ ਵੀ ਆਖ ਮੈਂ ਖੇਤੀ ਕਰਨੀ ਹੈਂ...... ।"

"ਕਰ ਲਵੀਂ ਪਰ ਸਾਧਨ ਤਾਂ ਆਪਣੇ ਕੋਲ ਕੋਈ ਹੈਂ ਨਹੀਂ ਕਿੱਥੋਂ ਲੈ ਕੇ ਆਵੇਗਾ। "

"ਉਹ ਮੈਂ ਸਭ ਕੁਝ ਸੋਚ ਲਿਆ ਹੈ......!"

"ਕੀ ਸੋਚ ਲਿਆ ਹੈ ਪਹਿਲਾਂ ਮੈਨੂੰ ਵੀ ਦੱਸ ਦਿਉ ਰਾਜਾ ਸਾਹਿਬ ਐਨੇ ਪੈਸਿਆਂ ਦਾ ਪ੍ਰਬੰਧ ਕਿਵੇਂ ਕਰੋਂਗੇ..... ਪਹਿਲਾਂ ਕਰਜ਼ਾ ਲਾ ਦੇਈਏ ਬਹੁਤ ਹੈ।"ਅੰਦਰੋਂ ਰਸੋਈ ਵਿੱਚੋਂ ਹੀ ਵੀਰਪਾਲ ਬੋਲੀਂ.......!

"ਤਾਂ ਫਿਰ ਸੁਣ ਜਿਹੜਾ ਸੜਕ ਨਾਲ ਆਪਣਾ ਇੱਕ ਕਿੱਲਾ ਲੱਗਦਾ ਹੈ ਨਾ ਉਹ ਆਪਾ ਵੇਚ ਦਿੰਦੇ ਹਾਂ, ਉਸਦੇ ਚੰਗੇ ਪੈਸੇ ਮਿਲ ਜਾਣਗੇ.... ਬਾਕੀ ਇਕੱਠਾ ਟੱਕ ਰਹਿ ਜਾਵੇਗਾ ਸਾਢੇ ਚਾਰ ਕਿੱਲਿਆਂ ਦਾ ਉੱਥੇ ਮੋਟਰ ਲਵਾਂ ਲਵਾਂਗੇ .... .....ਪੰਜਾਹ ਸੱਠ ਹਜ਼ਾਰ ਦਾ ਖਰਚਾ ਹੈਂ...... ਬਾਕੀ ਕਰਜ਼ਾ ਲਾ ਦੇਵਾਂਗੇ ਜਿਹੜਾ ਵਿਆਜ ਜਾਂਦਾ ਹੈ। ਉਹ ਵੀ ਬੰਦ ਹੋ ਜਾਵੇਗਾ।

"ਪਰ ਪੁੱਤ ਬਹੁਤ ਹੀ ਮੁਸ਼ਕਿਲਾਂ ਨਾਲ ਤਾਂ ਬਚਾਕੇ ਰੱਖੀ ਹੈ ਪੈਲੀ।" ਚੰਨਣ ਸਿੰਘ ਨੇ ਵਿਚਾਲਿਉਂ ਹੀ ਟੋਕ ਕੇ ਆਖਿਆ।

"ਪਰ ਬਾਪੂ ਇੰਝ ਤਾਂ ਸਾਰੀ ਉਮਰ ਹੀ ਤਰਸਦੇ ਰਹਾਂਗਾ ਪੈਸੇ -ਪੈਸੇ ਨੂੰ...... ਕੁੜੀਆਂ ਵੀ ਜਵਾਨ ਹੋਈ ਜਾਂਦੀਆਂ ਹਨ ਕੱਲ੍ਹ ਨੂੰ ਕੋਈ ਚੰਗਾ ਘਰ ਨਹੀਂ ਮਿਲਣਾ। ਆ ਕੱਚੇ ਕੋਠੇ ਦੇਖ ਕੇ.... ਮੈਂ ਆਪੇ ਹੀ ਸਾਰਾ ਕੁਝ ਠੀਕ ਕਰ ਲੂ ...........ਬਸ ਤੂੰ ਇੱਕ ਵਾਰ ਮੇਰੀ ਹਾਂ ਵਿੱਚ ਹਾਂ ਭਰੋ.....ਤੇ ਲਾ ਦਿਉ ਅੰਗੂਠਾ।"

"ਪੁੱਤਰਾਂ ਮੈਂ ਵੀ ਤੇ ਤੇਰੇ ਪਿਉ ਨੇ ਵੀ ਬੜੀਆਂ ਮੁਸ਼ਕਿਲਾ ਦਾ ਸਾਹਮਣਾ ਕੀਤਾ ਹੈ ਪਰ ਪੈਲੀ ਵੇਚਣ ਦੀ ਗੱਲ......ਕਦੇ ਨਹੀਂ ਕੀਤੀ।"

"ਜੇ ਗੱਲ ਨਹੀਂ ਕੀਤੀ ਤਾਂ .... ਕਮਾਈ ਵੀ ਕੀ ਡਾਲਰ ਬੈਠੇ ਹੋ......?"

"ਉਹੀ ਕੱਚੇ ਦੋ ਕੋਠੇ ਤੇ ਟੁੱਟਿਆ ਬਾਹਰਲਾ ਦਰਵਾਜ਼ਾ....... ਹੋਰ ਤਾਂ ਹੋਰ ਨਹਾਉਣ ਵਾਲੇ ਨੂੰ ਵੀ ਸਾਲ਼ਾ ਬੂਹਾ ਤੱਕ ਨਹੀਂ ਲਵਾ ਸਕੇ... ਭੈਣਾ ਜਵਾਨ ਹੋ ਗਈਆਂ ਹਨ, ਸ਼ਰਮ ਆਉਦੀ ਹੈ, ਮੈਨੂੰ....ਜਦੋਂ ...ਜਦੋਂ ਚਾਦਰ ਟੰਗ ਕਿ ਨਹਾਉਂਦੀਆਂ ਹਨ।ਨਾਲੇ ਮਾਂ ਤੂੰ ਵੀ ਕੀ ਹੁਣ ਸਾਰੀ ਉਮਰ ਡੰਗਰਾਂ ਨਾਲ ਡੰਗਰਾਂ ਹੁੰਦੀ ਹੀ ਰਹੇਗੀ....?"

"ਚੱਲ ਇੰਝ ਕਰਦੇ ਆਂ ਪੁੱਤ ਜੇ ਤੂੰ ਕੰਮ ਹੀ ਕਰਨਾ ਹੈ ਨਾ.....ਤਾਂ ਦੋ ਮੱਝਾਂ ਹੋਰ ਦੋਧੀ ਤੋਂ ਪੈਸੇ ਉਧਾਰੇ ਲੈ ਕੇ ਖਰੀਦ ਲੈਦੇ ਹਾਂ,ਪੈਸੇ ਦੁੱਧ ਵਿੱਚ ਹੀ ਹੋਲੀ- ਹੋਲੀ ਕੱਟੇ ਜਾਣਗੇ। ਪੰਜ ਮੱਝਾਂ ਹੋ ਜਾਣਗੀਆਂ .... ਸਾਂਭ ਲਿਆ ਕਰ ਨਾਲੇ ਕਮਾਈ ਦੁਗਣੀ ਹੋ ਜਾਵੇਗੀ।ਫ਼ੇਰ ਹੋਲੀ-ਹੋਲੀ ਪੈਸੇ ਜੋੜੀ ਜਾਵੀਂ ਤੇ ਕਰਵਾਈ ਜਾਵੀਂ.... ਇੱਕ -ਇੱਕ ਕਰਕੇ ਕੰਮ।"ਵੀਰਪਾਲ ਫੇਰ ਉਸਨੂੰ ਸਮਝਾਉਣ ਲੱਗ ਪਈ।

"ਮਰੋੜੀ ਜਾਉ ਤੁਸੀਂ ਹੀ ਮੱਝਾਂ ਦੀਆਂ ਪੂੱਛਾਂ ਮੇਰੇ ਤੋ ਨਹੀ ਗੋਹਾ ਚੁੱਕ ਹੁੰਦਾ.......ਨਾਨਕ ਗੁੱਸੇ ਵਿੱਚ ਹੀ ਘਰੋਂ ਬਾਹਰ ਚਲਾ ਜਾਂਦਾ ਹੈ। "

ਚੱਲਦਾ....



ਸੰਦੀਪ ਦਿਉੜਾ
84375-56667

# ਪਰਫੈਕਸ਼ਨ...!



ਹਰਪ੍ਰੀਤ ਕੌਰ ਸੰਧੂ

"ਪਰਫੈਕਟ/ ਪੂਰਨ" ਇਸ ਇਕ ਸ਼ਬਦ ਨੇ ਸਾਨੂੰ ਕਮਲੇ ਕੀਤਾ ਹੋਇਆ ਹੈ। ਅਸੀਂ ਜ਼ਿੰਦਗੀ ਵਿਚ ਹਰ ਚੀਜ਼ ਵਿੱਚ ਪਰਫੈਕਸ਼ਨ ਭਾਲਦੇ ਹਾਂ। ਸਾਨੂੰ ਪਰਿਵਾਰਕ ਜ਼ਿੰਦਗੀ 'ਚ ਪਰਫੈਕਸ਼ਨ ਚਾਹੀਦੀ ਹੈ। ਕੰਮ ਵਿੱਚ ਪਰਫ਼ੈਕਸ਼ਨ ਚਾਹੀਦੀ ਹੈ। ਬੱਚਿਆਂ ਅਤੇ ਆਪਣੇ ਅਤੇ ਵਿਵਹਾਰ ਵਿੱਚ ਪਰਫੈਕਸ਼ਨ ਚਾਹੀਦੀ ਹੈ।

ਅੰਗਰੇਜ਼ੀ ਦੇ ਸ਼ਬਦ ਇਸਤੇਮਾਲ ਕੀਤਾ ਹੈ ਇਸ ਲਈ ਕਿ ਸਾਡੇ ਦਿਮਾਗ ਵਿੱਚ ਇਹੀ ਸ਼ਬਦ ਭਰਿਆ ਹੋਇਆ ਹੈ। ਅਸੀਂ ਇਹ ਭੁੱਲ ਗਏ ਹਾਂ ਕਿ ਕੋਈ ਵੀ ਚੀਜ਼ ਪਰਫੈਕਟ/ਪੂਰਨ ਨਹੀਂ ਹੁੰਦੀ।ਬਦਲਾਅ ਕੁਦਰਤ ਦਾ ਨਿਯਮ ਹੈ।ਹਰ ਪਲ ਹਰ ਚੀਜ਼ ਬਦਲ ਰਹੀ ਹੈ। ਸਾਡੀ ਜ਼ਿੰਦਗੀ ਦਾ ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਅਸੀਂ ਆਪਣੀ ਜ਼ਿੰਦਗੀ ਦੀ ਤੁਲਨਾ ਪਰਫੈਕਸ਼ਨ ਨਾਲ ਕਰਦੇ ਹਾਂ। ਇਹ ਗੱਲ ਸਾਨੂੰ ਨਿਰਾਸ਼ਾ ਵੱਲ ਲੈ ਜਾਂਦੀ ਹੈ। ਅਸੀਂ ਆਪਣੇ ਰਿਸ਼ਤਿਆਂ ਤੋਂ ਖੁਸ਼ ਨਹੀਂ ਹਾਂ। ਸਾਨੂੰ ਜੀਵਨ ਸਾਥੀ ਪਰਫੈਕਟ ਚਾਹੀਦਾ ਹੈ ਤੇ ਉਹ ਪ੍ਰਫੈਕਸ਼ਨ ਅਸੀਂ ਨਿਰਧਾਰਿਤ ਕੀਤੀ ਹੈ। ਇੰਜ ਹੀ ਅਸੀਂ ਆਪਣੇ ਪਰਿਵਾਰ ਤੇ ਬੱਚਿਆਂ ਨਾਲ ਕਰਦੇ ਹਾਂ। ਜ਼ਰਾ ਸੋਚੋ ਇਸ ਦੇ ਆਲੇ ਦੁਆਲੇ ਦੀ ਮਨੁੱਖ ਕਾਰਖਾਨਿਆਂ ਵਿੱਚ ਬਣੇ ਹਨ? ਨਹੀਂ!! ਉਹ ਵੀ ਸਾਡੇ ਵਰਗੇ ਮਨੁੱਖ ਹਨ।

ਮਨੁੱਖ ਵਿੱਚ ਊਣਤਾਈਆਂ ਹੋਣੀਆਂ ਆਮ ਗੱਲ ਹੈ। ਜੋ ਮੇਰੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ ਉਹ ਮੇਰੇ ਹਿਸਾਬ ਨਾਲ ਪਰਫੈਕਟ/ਪੂਰਨ ਨਹੀਂ ਹੋਵੇਗਾ। ਪਰ ਉਸ ਦੀ ਕਸਵੱਟੀ ਦਾ ਕੀ? ਇਸੇ ਪਰਫੈਕਸ਼ਨ ਦੀ ਭਾਲ਼ ਨੇ ਸਾਨੂੰ ਉਲਝਾ ਦਿੱਤਾ ਹੈ। ਸਾਡੇ ਰਿਸ਼ਤੇ ਬਿਖਰ ਗਏ ਹਨ। ਚਾਹੀਦਾ ਇਹ ਹੈ ਕਿ ਅਸੀਂ ਕਿਸੇ ਵੀ ਵਿਅਕਤੀ ਨੂੰ ਉਸੇ ਤਰ੍ਹਾਂ ਮਨਜ਼ੂਰ ਕਰੀਏ ਜਿਹੋ ਜਿਹਾ ਉਹ ਹੈ। ਉਸ ਦੀਆਂ ਸਾਰੀਆਂ ਕਮੀਆਂ ਦੇ ਨਾਲ। ਇਹੀ ਤਾਂ ਅਪਣੱਤ ਹੈ ਇਹੀ ਪਰਿਵਾਰ ਹੈ।ਜ਼ਿੰਦਗੀ ਵਿੱਚ ਸਾਨੂੰ ਹਰ ਚੀਜ਼ ਦਿੱਤੀ ਚਾਹੀਦੀ ਹੈ ਪਰ ਜਦੋਂ ਹਸਪਤਾਲ ਵਿੱਚ ਪਿਆ ਈਸੀਜੀ ਦੀ ਲਾਈਨ ਸਿੱਧੀ ਹੋਣ ਲੱਗਦੀ ਹੈ ਤਾਂ ਸਾਨੂੰ ਹੌਲ ਪੈਣ ਲੱਗਦੇ ਹਨ।ਹਰ ਚੀਜ਼ ਆਪਣੇ ਮਨ ਮੁਤਾਬਕ ਜੇ ਚਾਹੀਦੀ ਹੈ। ਅਸੀਂ ਆਪਣੇ ਆਪ ਨੂੰ ਵੀ ਇਸ ਪਰਫੈਕਸ਼ਨ ਦੀ ਭਾਲ ਵਿੱਚ ਬਹੁਤ ਸਾੜਦੇ ਹਾਂ।

**HKS**

ਪਰਫੈਕਸ਼ਨ ਨੂੰ ਉਪਰੀ ਰੂਪ ਵਿਚ ਅਪਨਾ ਕੇ ਅਸੀਂ ਆਪਣਾ ਆਪਾ ਖਤਮ ਕਰ ਰਹੇ ਹਾਂ। ਅਸੀਂ ਜੋ ਹਾਂ ਉਸ ਵਾਂਗ ਨਹੀਂ ਵਿਚਰਦੇ ਜੋ ਹੋਣਾ ਚਾਹੁੰਦੇ ਹਾਂ ਉਸ ਵਾਂਗ ਕਰਦੇ ਹਾਂ।ਇਹ ਵਰਤਾਰਾ ਸਾਡੇ ਲਈ ਬੜਾ ਘਾਤਕ ਹੈ। ਕੋਸ਼ਿਸ਼ ਕਰੋ ਇਸ ਵਿੱਚ ਨਾ ਉਲਝੋ। ਪਰਫੈਕਟ ਕੁਝ ਹੁੰਦਾ ਹੀ ਨਹੀਂ। ਇਸ ਬਦਲਦੀ ਹੋਈ ਕੁਦਰਤ ਵਿੱਚ ਕੁਝ ਵੀ ਤਾਂ ਪਹਿਲਾਂ ਜਿਹਾ ਨਹੀਂ। ਸਮੇਂ ਮੁਤਾਬਿਕ ਹਰ ਚੀਜ਼ ਬਦਲ ਜਾਂਦੀ ਹੈ। ਜ਼ਿੰਦਗੀ ਵਿਚ ਕੁਝ ਪਿਆਰੇ ਬੰਦਿਆਂ ਦਾ ਮਿਲਣਾ ਹੀ ਜ਼ਿੰਦਗੀ ਦੀ ਸਭ ਤੋਂ ਜ਼ਰੂਰੀ ਸੋਹਣੀ, ਸੁਖਦ, ਯਾਦਗਾਰੀ, ਅਹਿਮ ਅਤੇ ਪਿਆਰੀ ਗੱਲ ਹੁੰਦੀ ਹੈ।

ਖੁਸ਼ ਰਹਿਣ ਦਾ ਤਰੀਕਾ ਇੱਕੋ ਹੈ।ਹਰ ਕਿਸੇ ਨੂੰ ਜਿਹੋ ਜਿਹਾ ਹੋਵੇ ਉਸੇ ਤਰੀਕੇ ਨਾਲ ਅਪਨਾ ਲੈਣਾ। ਇਸ ਨਾਲ ਜ਼ਿੰਦਗੀ ਆਸਾਨ ਹੋ ਜਾਏਗੀ। ਆਪਣੇ ਆਪਣਿਆਂ ਨੂੰ ਉਨ੍ਹਾਂ ਦੇ ਪੂਰਨ ਰੂਪ ਵਿੱਚ ਅਪਣਾਓ। ਇਹ ਵਿਸ਼ਾ ਬਹੁਤ ਗਹਿਰਾ ਹੈ। ਤਫ਼ਸੀਲ ਵਿਚ ਗੱਲਬਾਤ ਫਿਰ ਕਦੀ ਸਹੀ।ਪਰਫੈਕਸ਼ਨ ਦੀ ਭਾਲ ਛੱਡ ਦਿਓ ਤੇ ਜ਼ਿੰਦਗੀ ਦਾ ਕੁਦਰਤ ਦਾ ਲੁਤਫ਼ ਲਓ।
ਪੂਰੇ ਤਾਂ ਇੱਕ ਦਿਨ ਹੋ ਹੀ ਜਾਣਾ ਸਭਨਾਂ।
#harpreetkaursandhu



# ਸਾਵਣ ਮਹੀਨੇ ਦੇ ਰੀਤੀ-ਰਿਵਾਜ਼



ਸਾਵਣ ਸਰਸੀ ਕਾਮਿਣੀ ਚਰਨ ਕੰਵਲ ਸਿਉ ਪਿਆਰ॥
ਮਨੁ ਤਨੁ ਰਤਾ ਸਚਿ ਰੰਗ ਇਕੋ ਨਾਮੁ ਆਧਾਰ॥

ਸਾਵਣ ਮਹੀਨਾ ਦੇਸੀ ਸਾਲ ਬਿਕਰਮੀ ਸੰਮਤ ਵਿੱਚ ਪੰਜਵੇ ਨੰਬਰ ਤੇ ਆਉਂਦਾ ਹੈ।ਇਸ ਨੂੰ ਬਰਸਾਤ ਦਾ ਮਹੀਨਾ ਵੀ ਕਿਹਾ ਗਿਆ ਹੈ।ਇਸ ਮਹੀਨੇ ਮੀਂਹ ਬਹੁਤ ਪੈਂਦੇ ਹਨ। ਕਈ ਵਾਰ ਕਈ ਕਈ ਦਿਨਾਂ ਦੀ ਝੜੀ ਲੱਗ ਜਾਂਦੀ ਹੈ।ਹੜ ਆਉਣ ਦਾ ਡਰ ਵੀ ਤਕਰੀਬਨ ਇਸ ਮਹੀਨੇ ਲੱਗਦਾ ਹੈ।ਸਰਕਾਰਾਂ ਵੀ ਹੜ ਆਉਣ ਦਾ ਅਗਾਊ ਪ੍ਰਬੰਧ ਕਰਨ ਲੱਗ ਜਾਂਦੀਆ ਹਨ। ਗਰਮੀ ਵੀ ਤੋਬਾ ਕਰਾਉਂਦੀ ਹੈ।ਮੀਂਹ ਕਣੀ ਵਿਚ ਗਰੀਬ ਵਰਗ ਦਾ ਔਖਾ ਹੋ ਜਾਂਦਾ ਹੈ।

ਸਾਉਣ ਦੇ ਮਹੀਨੇ ਮਾਤਾ ਨੈਣਾ ਦੇਵੀ ਦੇ ਚਾਲੇ ਵੀ ਆਉਂਦੇ ਹਨ। ਮਾਤਾ ਨੈਣਾ ਦੇਵੀ ਦੇ ਸ਼ਰਧਾਲੂ ਦਰਸ਼ਨ ਕਰਨ ਲਈ ਪੈਦਲ, ਡੰਡੋਤ ਕਰਦੇ ਹੋਏ, ਆਪੋ ਆਪਣੇ ਸਾਧਨ ਰਾਹੀਂ ਹਿਮਾਚਲ ਪ੍ਰਦੇਸ਼ ਜਾਂਦੇ ਹਨ। ਕਈ ਸੁਖਾਂ ਪੂਰੀਆਂ ਕਰਨ ਜਾਂਦੇ ਹਨ। ਪਹਿਲੇ ਸਮਿਆਂ ਵਿੱਚ ਨਵੇ ਵਿਆਹੇ ਜੋੜੇ ਨੂੰ ਵੀ ਲਿਜਾਇਆ ਜਾਂਦਾ ਸੀ।ਮਾਤਾ ਦਾ ਪ੍ਰਸ਼ਾਦ, ਹਾਰ,ਚੁੰਨੀਆਂ ਵੀ ਉਥੋਂ ਲੈ ਕੇ ਆਉਂਦੇ ਹਨ।

ਤੈਨੂੰ ਤੀਆਂ ਨੂੰ ਲੈਣ ਨਾ ਆਏ,ਬਹੁਤਿਆਂ ਭਰਾਂਵਾਂ ਵਾਲੀਏ ॥

ਸੱਸਾਂ ਦਾ ਇਹ ਨਿਹੋਰਾ ਵੀ ਆਪਣੀ ਨੂੰਹ ਨੂੰ ਸੁਣਨ ਨੂੰ ਮਿਲਦਾ ਹੈ,ਜਦੋਂ ਘਰਾਂ ਵਿੱਚ ਨੂੰਹ ਸੱਸ ਦੀ ਘੱਟ ਬਣਦੀ ਹੋਵੇ।ਕਈ ਵਾਰ ਸਾਵਣ ਦੇ ਮਹੀਨੇ ਨੂੰਹ ਸੱਸ ਇਕ ਦੂਜੇ ਦੇ ਮੱਥੇ ਨਹੀਂ ਲੱਗਦੀਆਂ ਸਨ।ਅੱਗੋਂ ਨੂੰਹ ਵੀ ਘੱਟ ਨਹੀਂ ਕਹਾਉਂਦੀ ਸੱਸ ਨੂੰ ਮਿਹਣਾ ਮਾਰਦੀ ਹੈ----

ਸੱਸੇ ਤੇਰੀ ਮੱਝ ਮਰਜੀ, ਮੇਰੇ ਵੀਰੇ ਨੂੰ ਸੁੱਕੀ ਖੰਡ ਪਾਈ ॥

ਇਸ ਮਹੀਨੇ ਹੀ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਮੁੱਢ ਕਦੋਂ ਬਝਿਆ, ਜਾਣਕਾਰੀ ਨਾ ਮਾਤਰ ਹੀ ਮਿਲਦੀ ਹੈ। ਇਹ ਤਿਉਹਾਰ ਸਾਵਣ ਮਹੀਨੇ ਦੀ ਤੀਜ ਨੂੰ ਸ਼ੁਰੂ ਹੁੰਦਾ ਹੀ, ਪੂਰਨਿਮਾ ਵਾਲੇ ਦਿਨ ਸਮਾਪਤ ਹੁੰਦਾ ਹੈ। ਨਵੀਆਂ ਵਿਆਹੀਆਂ ਕੁੜੀਆਂ ਤੀਆਂ ਮਨਾਉਣ ਲਈ ਪੇਕੇ ਘਰ ਜਾਂਦੀਆ ਹਨ। ਜ਼ਿਆਦਾਤਰ ਇਸਤਰੀਆਂ ਇਸ ਮਹੀਨੇ ਹੱਥਾਂ ਪੈਰਾਂ ਨੂੰ ਮਹਿੰਦੀ ਨਾਲ ਸਿੰਗਾਰ ਦੀਆਂ ਹਨ। ਸੂਹੇ ਰੰਗ ਦੇ ਕੱਪੜਿਆਂ ਦੀ ਜ਼ਿਆਦਾਤਰ ਵਰਤੋਂ ਕਰਦੀਆਂ ਹਨ। ਨਵੀਆਂ ਚੂੜੀਆਂ ਪਹਿਨ ਦੀਆਂ ਹਨ। ਆਰਥਿਕ ਪੱਖ ਨੂੰ ਵੀ ਇਹ ਤਿਉਹਾਰ ਟੁੰਬਦਾ ਹੈ।ਇਸ ਤਿਉਹਾਰ ਵਿੱਚ ਬੋਹੜ, ਪਿੱਪਲ, ਮਹਿੰਦੀ ਦੇ ਦਰੱਖਤ ਦਾ ਖਾਸ ਮਹੱਤਵ ਹੈ।ਜਿਆਦਾਤਰ ਪਿੱਪਲ ਅਤੇ ਬੋਹੜ ਦੇ ਥੱਲੇ ਮਨਾਈਆਂ ਜਾਂਦੀਆ ਸਨ। ਪੀਘਾਂ ਪਾ ਕੇ ਝੂਟਿਆ ਜਾਂਦਾ ਸੀ। ਪਿੱਪਲ ਅਤੇ ਬੋਹੜ ਦੇ ਦਰੱਖਤ ਟਾਂਮੇ ਟਾਂਮੇ ਹੀ ਮਿਲਦੇ ਹਨ। ਪੁਰਾਣੇ ਸਮੇ ਵਿੱਚ ਮਹਿੰਦੀ ਦੇ ਪੱਤੇ ਕੂੰਡੇ ਵਿੱਚ ਰਗੜ ਕੇ ਇਸਤਰੀਆ ਹੱਥਾਂ ਪੈਰਾਂ ਤੇ ਲਗਾਉਂਦੀਆਂ ਸਨ। ਅੱਜ ਕੱਲ ਮਹਿੰਦੀ ਕੀਪਾਂ ਵਿੱਚ ਬਜ਼ਾਰ ਤੋਂ ਮਿਲਦੀ ਹੈ। ਮਹਿੰਦੀ ਦੇ ਰੰਗ ਵਿੱਚੋਂ ਕੁੜੀਆਂ ਨੂੰਹ ਸੱਸ ਦੇ ਪਿਆਰ ਨੂੰ ਵੀ ਵੇਖਦੀਆਂ ਹਨ। ਆਮ ਸੁਣਨ ਨੂੰ ਮਿਲਦਾ ਹੈ ਕਿ ਜੇ ਮਹਿੰਦੀ ਦਾ ਰੰਗ ਗੂੜਾ ਚੜ੍ਹ ਜਾਵੇ ਤਾਂ ਸੱਸ ਨੂੰ ਬਹੁਤ ਪਿਆਰੀ। ਨੂੰਹ ਸੱਸ ਦਾ ਰਿਸ਼ਤਾ ਬਹੁਤ ਹੀ ਪਿਆਰਾ ਅਤੇ ਨਿੱਘਾ ਹੁੰਦਾ ਹੈ, ਨੋਕ ਝੋਕ ਸੱਸ ਨੂੰਹ ਵਿੱਚ ਚਲਦੀ ਰਹਿੰਦੀ ਹੈ ਜੋ ਸੁਭਾਵਿਕ ਹੈ। ਇਸਤਰੀਆ/ਕੁੜੀਆਂ ਆਪਣੇ ਮਨ ਦੇ ਬਲਬਲੇ ਤੀਆਂ ਦੌਰਾਨ ਨੱਚ ਕੇ ਉਜਾਗਰ ਕਰਦੀਆਂ ਹਨ। ਤੀਆਂ ਤੋਂ ਬਾਅਦ ਕੁੜੀਆਂ ਨੂੰ ਕੱਪੜਾ ਲੀੜਾ ਦੇ ਕੇ ਸਹੁਰੇ ਘਰ ਤੋਰਨ ਦਾ ਰਿਵਾਜ ਵੀ ਸੀ।

ਇਸ ਮਹੀਨੇ ਵਿਚ ਸੰਧਾਰਾ ਦੇਣ ਦਾ ਰਿਵਾਜ ਵੀ ਪੀੜੀ ਦਰ ਪੀੜੀ ਚੱਲਿਆ ਆ ਰਿਹਾ ਹੈ। ਸੰਧਾਰਾ ਲਫਜ ਬੜਾ ਪਿਆਰਾ ਹੈ।ਅਜੋਕੇ ਯੁੱਗ ਵਿੱਚ ਸੰਧਾਰੇ ਸ਼ਬਦ ਦੀ ਗਲਤ ਵਰਤੋਂ ਕਈ ਵਾਰ ਵੇਖਣ ਨੂੰ ਮਿਲਦੀ ਹੈ।ਜਿਵੇਂ ਕਿ ਲੜਕੀ ਪੈਦਾ ਹੋਣ ਤੇ ਬੁੜੀਆਂ ਕਹਿੰਦੀਆ 'ਸੰਧਾਰਾ ਜੰਮ ਪਿਆ' ਜਦੋਂ ਕਹਿਣ ਵਾਲੀਆ ਵੀ ਸੰਧਾਰਾ ਹੁੰਦੀਆਂ ਹਨ। ਪੁਰਾਣੇ ਸਮਿਆਂ ਅੰਦਰ ਭਰਾ/ਪਿਤਾ ਆਪਣੀ ਧੀ ਭੈਣ ਕੋਲ ਪੀਪੇ, ਫੁੱਲਾਂ ਵਾਲੇ ਝੋਲੇ ਵਿੱਚ ਸੰਧਾਰਾ ਦੇਣ ਜਾਂਦੇ ਸਨ। ਸੰਧਾਰੇ ਵਿੱਚ ਪਤਾਸੇ, ਗੁੜ, ਪਿੰਨੀਆਂ, ਮਠਿਆਈ, ਬਿਸਕੁਟ ਵਗੈਰਾ ਦਿੱਤੇ ਜਾਂਦੇ ਹਨ। ਕੁੜੀਆਂ ਸਾਵਣ ਦੇ ਮਹੀਨੇ ਭਰਾ ਦੀ ਬੇਸਬਰੀ ਨਾਲ ਉਡੀਕ ਕਰਦੀਆਂ ਹਨ। ਚਾਅ ਹੀ ਇੰਨਾ ਹੁੰਦਾ ਹੈ।ਇਸ ਲਈ ਕੁੜੀਆਂ ਦੀ ਹੂਕ ਰੱਬ ਨੂੰ ਉਲਾਂਭਾ ਦਿੰਦੀ ਹੈ-----

ਇੱਕ ਵੀਰ ਦੇਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਹੀ ਚਿਤ ਕਰਦਾ।

ਅੱਜ ਦੇ ਸਮੇ ਵਿੱਚ ਕੁੜੀ ਮੁੰਡੇ ਵਿੱਚ ਕੋਈ ਫਰਕ ਨਹੀ ਹੈ।ਜਿਆਦਾਤਰ ਕੁੜੀਆਂ ਹੀ ਮਾਂ-ਪਿਓ ਦੀ ਇਜੱਤ ਅਤੇ ਸੇਵਾ ਕਰਦੀਆਂ ਹਨ। ਨਲਾਇਕ ਪੁੱਤਰ ਲਈ ਮਾਂ-ਪਿਓ ਦੁੱਖੀ ਹੋ ਕੇ ਕਹਿੰਦਾ, ਤੂੰ ਨਾ ਜੰਮਦਾ ਤੇਰੇ ਨਾਲੋਂ ਕੁੜੀ ਚੰਗੀ ਸੀ।

ਇਸ ਮਹੀਨੇ ਖੀਰ ਅਤੇ ਮਾਲਪੂੜੇ ਆਮ ਘਰਾਂ ਵਿੱਚ ਬਣਾਏ ਜਾਂਦੇ ਹਨ। ਅੱਜ ਕੱਲ ਧਾਰਮਿਕ ਸਥਾਨਾਂ ਉਪਰ ਵੀ ਇਸ ਮਹੀਨੇ ਖੀਰ ਮਾਲਪੂੜਿਆਂ ਦਾ ਲੰਗਰ ਵੇਖਣ ਨੂੰ ਮਿਲਦਾ ਹੈ।

ਹਰ ਮਹੀਨਾ ਕੋਈ ਨਾ ਕੋਈ ਖਾਸ ਮਹੱਤਵ ਰੱਖਦਾ ਹੈ।ਸਮਾ ਕੋਈ ਚੰਗਾ ਮਾੜਾ ਨਹੀ ਹੁੰਦਾ।ਉਹੀ ਮਹੀਨਾ ਸਮਾ ਘੜੀ ਚੰਗੀ ਹੈ,ਜਿਸ ਵਿਚ ਪ੍ਰਮਾਤਮਾ ਦਾ ਨਾਮ ਲਿਆ ਜਾਵੇ।

ਸਾਈ ਘੜੀ ਸੁਲੱਖਣੀ,
ਸਹੁ ਨਾਲ ਬਿਹਾਵੈ॥
ਮਾਹ ਦਿਵਸ ਮੂਰਤਿ ਭਲੇ
ਜਿਸੁ ਕਉ ਨਦਰਿ ਕਰੇ॥
ਨਾਨਕੁ ਮੰਗਿਹ ਦਰਸ ਦਾਨ
ਕਿਰਪਾ ਕਰਉ ਹਰੇ॥



ਹਰਜਿੰਦਰ ਸਿੰਘ ਖੰਨਾ
62805-89127

## ਸਾਡੇ ਵਿਹੜੇ ਉੱਗੀਆਂ ਬੇਰੀਆਂ

ਸਾਡੇ ਵਿਹੜੇ ਉੱਗੀਆਂ ਬੇਰੀਆਂ
ਤਾਹੀਓਂ ਵੱਟੇ ਮਾਰੇ ਜੱਗ
ਸਾਡੇ ਸਿਰ ਤੋਂ ਖੁੱਲ੍ਹ ਕੇ ਬੇਲੀਆ
ਸਾਡੇ ਗਲ 'ਚ ਆ ਗਈ ਪੱਗ

ਸਾਡੇ ਵਿਹੜੇ ਵੱਸੀਆਂ ਬਾਰਿਸ਼ਾਂ
ਸਾਡੀ ਚੋਵੇ ਕੱਚੀ ਛੱਤ
ਸਾਡਾ ਘਰ ਨਾ ਢਾਵ੍ਹੀਂ ਪਾਣੀਆਂ
ਇਹਦੀ ਨੀਂਹ ਵਿੱਚ ਸਾਡੀ ਰੱਤ

ਸਾਡੇ ਵਿਹੜੇ ਸਾਡਾ ਬਾਬਲਾ
ਭਾਵੇਂ ਆਖੇ ਸਾਨੂੰ ਪੁੱਤ
ਸਾਡੀ ਮਾਂ ਨੂੰ ਪੈਂਦੇ ਹੌਲ ਨੀ
ਸਾਡੀ ਜਿਸ ਵੇਲੇ ਕਰਦੀ ਗੁੱਤ

ਸਾਡੇ ਵਿਹੜੇ ਆਇਆ ਵੈਦ ਨੀ
ਸਾਨੂੰ ਪੁੱਛਦਾ ਸਾਡੇ ਦੁੱਖ
ਸਾਡੇ ਪੀਲੇ ਮੂੰਹ ਨੀ ਵੇਖਦਾ
ਸਾਨੂੰ ਕੋਹਿਆ ਕਰਮੀ ਭੁੱਖ

ਸਾਡੇ ਵਿਹੜੇ ਧੁਖੀਆਂ ਧੂਣੀਆਂ
ਸਾਡੇ ਸੜਦੇ ਅੱਲ੍ਹੜ ਚਾਅ
ਸਾਡੀ ਅੱਖੀਂ ਕੋਸੇ ਨੀਰ ਵੇ
ਸਾਡੇ ਸੀਨੇ ਅੰਦਰ ਤਾਅ

ਸਾਡੇ ਵਿਹੜੇ ਆਈ ਈਦ ਨੀ
ਸਾਨੂੰ ਅੰਬੋ ਮਲਿਆ ਸੱਕ
ਸਾਡੇ ਤਨ ਤੇ ਲੀਰਾਂ ਪਾਟੀਆਂ
ਸਾਡੇ ਬੁੱਚੇ ਕੰਨ ਤੇ ਨੱਕ

ਸਾਡੇ ਵਿਹੜੇ ਦੱਸ ਵੇ ਮਾਲਿਕਾ
ਸਾਨੂੰ ਕਿਸ ਦਿਨ ਲੱਭਣਾ ਰੱਜ
ਸਾਡੇ ਖਾਲੀ ਰੋਣ ਭੜੋਲੜੇ
ਸਾਡੇ ਵੈਣ ਕਰੇਂਦੇ ਛੱਜ

## ਝੜ ਗਿਆ ਟਹਿਣੀਉਂ ਸੁੱਕੇ ਹੋਏ ਪੱਤਰ ਵਾਂਗ

ਝੜ ਗਿਆ ਟਹਿਣੀਉਂ ਸੁੱਕੇ ਹੋਏ ਪੱਤਰ ਵਾਂਗ ।
ਛਣਕ ਰਿਹਾਂ ਮੁਟਿਆਰ ਦੀ ਟੁੱਟੀ ਝਾਂਜਰ ਵਾਂਗ ।

ਜਿਹੜੀ ਬੇਵਾ ਬਣੀਂ, ਸੁਹਾਗਣ ਥੋੜ੍ਹੇ ਦਿਨ,
ਉਹ ਤੇ ਜ਼ਿੰਦਾ ਲਾਸ਼ ਏ ! ਚੁੱਪ ਏ ਪੱਥਰ ਵਾਂਗ ।

ਉਹਦੇ ਤਨ ਦੇ ਰਾਖੇ, ਲੀੜੇ ਸੀਚਣ ਕਿੰਜ ?
ਉਹ ਨੇ ਲੀਰਾਂ, ਮੇਰੇ ਸਿਰ ਦੀ ਚਾਦਰ ਵਾਂਗ ।

ਖ਼ੌਰੇ ਉਹਦੇ ਖ਼ਾਬ ਖ਼ਿਆਲ ਤੇ ਯਾਦਾਂ ਵੀ,
ਟੋਟੇ ਹੋਵਣ, ਮੇਰੇ ਦਿਲ ਦੀ ਸੱਧਰ ਵਾਂਗ ?

ਦਿਲ ਦੇ ਦੀਵੇ ਪਾ ਗਿਆ ਕੋਈ ਗ਼ਮ ਦਾ ਤੇਲ,
ਬਲਦਾ ਰਿਹਾ ਸਾਂ ਸਾਰੀ ਉਮਰ, ਭਾਂਬੜ ਵਾਂਗ ।

ਕੀ ਬੀਜਾਂਗਾ ? ਕੀ ਵੱਢਾਂਗਾ ? ਸੋਚ ਰਿਹਾਂ,
ਮੇਰੇ ਹਿੱਸੇ ਦੀ ਪੈਲੀ ਏ ਕੱਲਰ ਵਾਂਗ ।

ਮਾਰ ਨਾ ਪੱਥਰ, ਜਾਣ ਇਕੱਲਾ 'ਅਖ਼ਤਰ' ਨੂੰ,
ਮੇਰੀਆਂ ਪੈੜਾਂ ਨਾਲ ਨੇ, ਮੇਰੇ ਟੱਬਰ ਵਾਂਗ ।

## –ਅੰਤਰਰਾਸ਼ਟਰੀ ਦੋਸਤੀ ਦਿਵਸ 'ਤੇ–

# ਦੋਸਤੀ ਬਿਨ ਜ਼ਿੰਦਗੀ ਰਸਹੀਣ ਹੈ

ਦੋਸਤੀ ਦੀ ਪਰਿਭਾਸ਼ਾ ਬਹੁਤ ਵਧੀਆ ਦਿੱਤੀ ਗਈ ਹੈ – "ਦੋਸਤੀ ਉਹ ਬੈਂਕ ਹੈ ਜਿੱਥੇ ਜ਼ਿੰਦਗੀ ਦੇ ਭੇਦ ਜਮ੍ਹਾਂ ਕਰਵਾਏ ਜਾਂਦੇ ਹਨ।" ਸੱਚਮੁੱਚ ਇਹ ਗੱਲ ਪੂਰਨ ਤੌਰ 'ਤੇ ਠੀਕ ਵੀ ਹੈ ਕਿ ਕੋਈ ਵੀ ਇਨਸਾਨ ਆਪਣੇ ਦਿਲ ਨੂੰ ਕਿਸੇ ਨਾ ਕਿਸੇ ਦੋਸਤ ਅੱਗੇ ਜ਼ਰੂਰ ਖੋਲ੍ਹ ਕੇ ਰੱਖ ਦਿੰਦਾ ਹੈ ਜਿਹੜਾ ਉਸਨੂੰ ਸੰਕਟ ਵਿਚੋਂ ਕੱਢਣ, ਜ਼ਿੰਦਗੀ ਵਿਚ ਅੱਗੇ ਵੱਧਣ ਅਤੇ ਹਰ ਮੁਸੀਬਤ ਦਾ ਹੌਂਸਲੇ ਨਾਲ ਟਕਰਾ ਕੁਰਨ ਦਾ ਉਤਸ਼ਾਹ ਵੀ ਬਣਾਈ ਰੱਖਦਾ ਹੈ ਅਤੇ ਲੋੜ ਅਤੇ ਸਮਰੱਥਾ ਅਨੁਸਾਰ ਆਪਣੇ ਦੋਸਤ ਨੂੰ ਸਹਿਯੋਗ ਦੇ ਕੇ ਉਸਦੀ ਬਾਂਹ ਵੀ ਫੜ੍ਹਦਾ ਹੈ। ਦੋਸਤੀ ਨਿਭਾਏ ਜਾਣ ਦਾ ਇਕ ਬਹੁਤ ਵੱਡਾ ਇਤਿਹਾਸ ਸਾਡੇ ਕੋਲ ਮੌਜੂਦ ਹੈ। ਪਰ ਅਸੀਂ ਪਹਿਲਾਂ ਦੋਸਤੀ ਦਿਵਸ ਬਾਰੇ ਜਾਣ ਲਈਏ। ਫੇਰ ਹੋਰ ਅੱਗੇ ਚੱਲਦੇ ਹਾਂ॥

ਅੰਤਰਰਾਸ਼ਟਰੀ ਦੋਸਤੀ ਦਿਵਸ ਅੰਤਰਰਾਸ਼ਟਰੀ ਪੱਧਰ ਤੇ ਸ਼ਾਂਤੀ ਅਤੇ ਖੁਸ਼ੀ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਇਹ ਦੱਖਣੀ ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ 30 ਜੁਲਾਈ ਨੂੰ ਮਨਾਇਆ ਜਾਂਦਾ ਹੈ ਜਦ ਕਿ ਭਾਰਤ, ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ ਅਗਸਤ ਦੇ ਪਹਿਲੇ ਐਤਵਾਰ ਨੂੰ ਦੋਸਤੀ ਦਿਵਸ ਦੇ ਰੂਪ ਵਿਚ ਮੰਨਿਆ ਗਿਆ ਹੈ। ਦੋਸਤੀ ਬਾਰੇ ਹੋਰ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਇਸ ਦਿਵਸ ਦੇ ਇਤਿਹਾਸ ਬਾਰੇ ਜਾਣੀਏ। ਸਭ ਤੋਂ ਪਹਿਲਾਂ ਇਹ ਦਿਨ ਮਨਾਉਣ ਲਈ ਡਾਕਟਰ ਰੇਮਨ ਅਰਟੇਮੀਓ ਬਰਾਚੋ ਨੇ ਦੱਖਣੀ ਅਮਰੀਕਾ ਦੇ ਪਾਰਾਗੁਆ ਵਿਚ ਮੰਗ ਰੱਖੀ ਸੀ। ਮੁੱਖ ਮਕਸਦ ਸੀ ਲੋਕਾਂ ਵਿਚ ਸ਼ਾਂਤੀ ,ਸਾਂਝ ਅਤੇ ਆਪਸੀ ਸਮਝ ਦਾ ਵਿਕਾਸ ਕਰਨਾ। ਇਸ ਵਿਚਾਰ ਨੂੰ ਅੰਤਰਰਾਸ਼ਟਰੀ ਪੱਧਰ ਤੇ ਕਾਫੀ ਸਹਿਯੋਗ ਅਤੇ ਉਤਸ਼ਾਹ ਮਿਲਿਆ, ਜਿਸ ਤੋਂ ਪ੍ਰਭਾਵਿਤ ਹੋ ਕੇ ਸੰਯੁਕਤ ਰਾਸ਼ਟਰ ਨੇ 2011 ਵਿੱਚ 30 ਜੁਲਾਈ ਦੇ ਦਿਨ ਨੂੰ ਅੰਤਰਰਾਸ਼ਟਰੀ ਦੋਸਤੀ ਦਿਵਸ ਵਜੋਂ ਸਰਕਾਰੀ ਤੌਰ ਤੇ ਐਲਾਨ ਕਰ ਦਿੱਤਾ। ਇਹ ਦਿਨ ਸ਼ਾਂਤੀ ਲਿਆਉਣ ਵਿੱਚ, ਵੱਖ ਵੱਖ ਵਰਗਾਂ ਵਿੱਚ ਦੂਰੀਆਂ ਘਟਾਉਣ ਵਿੱਚ ਅਤੇ ਵਿਸ਼ਵ ਵਿਆਪੀ ਆਪਸੀ ਸਤਿਕਾਰ ਅਤੇ ਸਮਝ ਬਣਾਉਣ ਵਿੱਚ ਦੋਸਤੀ ਦੇ ਯੋਗਦਾਨ ਨੂੰ ਸਲਾਹੁੰਦਾ ਹੈ। ਇਸ ਦਿਵਸ ਨੂੰ ਮਨਾਏ ਜਾਣ ਦੇ ਖਾਸ ਮਕਸਦ ਅਤੇ ਮਹੱਤਵ ਇਹ ਹਨ–



* **ਵਿਸ਼ਵ ਸ਼ਾਂਤੀ ਨੂੰ ਉਤਸ਼ਾਹ ਦੇਣਾ :–** ਦੋਸਤੀਆਂ ਨੂੰ ਮਜਬੂਤ ਕਰਨ ਨਾਲ ਅਤੇ ਬਣਾਈ ਰੱਖਣ ਨਾਲ ਵੱਖ ਵੱਖ ਸਭਿਆਚਾਰਾਂ, ਜਾਤਾਂ, ਕੌਮਾਂ, ਅਤੇ ਦੇਸ਼ਾਂ ਵਿਚਕਾਰ ਦੂਰੀਆਂ ਘਟਦੀਆਂ ਹਨ, ਆਪਸੀ ਪਿਆਰ ਵਧਦਾ ਹੈ ਜਿਸ ਨਾਲ ਵਿਸ਼ਵ ਵਿਆਪੀ ਸ਼ਾਂਤੀ ਬਣਾਏ ਰੱਖਣ ਵਿੱਚ ਬਹੁਤ ਵੱਡੀ ਮੱਦਦ ਮਿਲੇਗੀ।
* **ਸਮਾਜਿਕ ਸੰਬੰਧ ਮਜਬੂਤ ਕਰਨੇ :–** ਵਧੇਰੇ ਦੋਸਤੀਆਂ ਸਮਾਜ ਵਿਚ ਵਧੇਰੇ ਮਜਬੂਤ ਸਮਾਜਿਕ ਸੰਬੰਧ ਪੈਦਾ ਕਰਨਗੀਆਂ ਜਿਸ ਨਾਲ ਇਕ ਵਿਅਕਤੀ ਨੂੰ ਸਾਰਥਕ ਅਤੇ ਸੁਹਾਵੇਂ ਸੰਬੰਧਾਂ ਦੀ ਮਹੱਤਤਾ ਬਾਰੇ ਜਾਣਕਾਰੀ ਮਿਲੇਗੀ ਅਤੇ ਉਸਦਾ ਸਮਾਜਿਕ ਨਜ਼ਰੀਆ ਵਿਸ਼ਾਲ ਹੋਏਗਾ।
* **ਸਭਿਆਚਾਰਾਂ ਦਾ ਅਦਾਨ ਪ੍ਰਦਾਨ :–** ਦੋਸਤੀ ਦੇ ਸਿੱਟੇ ਵਜੋਂ ਵੱਖੋ ਵੱਖਰੇ ਸਭਿਆਚਾਰਕ ਚੁਗਿਰਦੇ ਵਾਲੇ ਵਿਅਕਤੀ ਇੱਕ ਦੂਸਰੇ ਨਾਲ ਆਪੋ ਆਪਣੇ ਸੱਭਿਆਚਾਰ ਦੀ ਗੱਲ ਕਰਨਗੇ। ਦੂਸਰੇ ਸਭਿਆਚਾਰ ਬਾਰੇ ਸਾਡੀ ਦ੍ਰਿਸ਼ਟੀ ਵਿਸ਼ਾਲ ਹੋਏਗੀ। ਜਿਸ ਨਾਲ ਸ਼ਹਿਣਸ਼ਕਤੀ ਵਧੇਗੀ ਅਤੇ ਵਿਭਿੰਨਤਾ ਨੂੰ ਸਮਝਣਾ ਆਸਾਨ ਹੋ ਜਾਏਗਾ।
* **ਮਾਨਸਿਕ ਸਿਹਤ ਬਣਾਈ ਰੱਖਣ ਲਈ ਲਾਭਦਾਇਕ:–** ਇਹ ਦੋਸਤ ਹੀ ਹੁੰਦਾ ਹੈ ਜਿਸ ਕੋਲ ਅਸੀਂ ਆਪਣੇ ਦੁੱਖ ਚਿੰਤਾਵਾਂ ਅਤੇ ਸਮੱਸਿਆਵਾਂ ਸਾਂਝੀਆਂ ਕਰਦੇ ਹਾਂ। ਅਜਿਹਾ ਕਰਨ ਨਾਲ ਮਾਨਸਿਕ ਉਦਾਸੀ ਜਾਂ ਡਿਪ੍ਰੈਸ਼ਨ ਨੇੜੇ ਨਹੀਂ ਆ ਸਕਦਾ। ਮਾਨਸਿਕ ਤੰਦਰੁਸਤੀ, ਭਾਵਨਾਤਮਕ ਸਹਿਯੋਗ ਨਾਲ ਆਉਂਦੀ ਹੈ ਜਿਸ ਨਾਲ ਕਿਸੇ ਵੀ ਤਰਾਂ ਦਾ ਤਣਾਅ ਖਤਮ ਹੋ ਕੇ ਸੰਤੁਸ਼ਟੀ ਅਤੇ ਸੰਤੁਲਨ ਵਾਲਾ ਵਧੀਆ ਜੀਵਨ ਜਿਊਣ ਵੱਲ ਝੁਕਾਅ ਵਧੇਗਾ।

ਖੋਲ੍ਹਿਆ ਹੁੰਦਾ ਹੈ ਜੇ ਦਿਲ ਨੂੰ ਯਾਰਾਂ ਨਾਲ,
ਖੋਲ੍ਹਣਾ ਨਾ ਪੈਂਦਾ ਇਸਨੂੰ ਅੱਜ ਔਜਾਰਾਂ ਨਾਲ। .....(ਸੁਰਜੀਤ ਪਾਤਰ)

* **ਵਰਗ ਗਤੀਵਿਧੀਆਂ ਦਾ ਸਰੋਤ :–** ਇਸ ਨਾਲ ਵੱਖ ਵੱਖ ਖੇਤਰਾਂ ਦੀਆਂ ਗਤੀਵਿਧੀਆਂ ਨੂੰ ਹੁਲਾਰਾ ਮਿਲਦਾ ਹੈ। ਜਿਸ ਨਾਲ ਮਨੁੱਖੀ ਊਰਜਾ ਠੀਕ ਥਾਂ ਤੇ ਖਰਚ ਹੁੰਦੀ ਹੈ ਅਤੇ ਸਮਾਜ ਨੂੰ ਇਕ ਉਸਾਰੂ ਸੇਧ ਮਿਲਦੀ ਹੈ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਦੋਸਤੀਆਂ ਦਾ ਦਾਇਰਾ ਜਿੰਨਾ ਵੱਡਾ ਹੋਏਗਾ, ਉਤਨਾ ਸਿਰਫ ਸੰਬੰਧਿਤ ਵਿਅਕਤੀਆਂ ਨੂੰ ਹੀ ਨਹੀਂ ਸਗੋਂ ਸਮਾਜ ਨੂੰ ਅਤੇ ਵਿਸ਼ਵ ਨੂੰ ਵੀ ਲਾਭ ਪੁੱਜੇਗਾ। ਇਨਸਾਨ ਬਚਪਨ ਤੋਂ ਸ਼ੁਰੂ ਕਰਕੇ ਆਪਣੇ ਜੀਵਨ ਦੇ ਅੰਤ ਤੱਕ ਦੋਸਤ ਬਣਾਉਂਦਾ ਰਹਿੰਦਾ ਹੈ। ਬਹੁਤੀ ਵਾਰ ਇਹ ਦੋਸਤੀਆਂ ਚਿਰ ਸਥਾਈ ਨਹੀਂ ਹੁੰਦੀਆਂ। ਕੁਝ ਕੁ ਪਲ ਤੋਂ ਸ਼ੁਰੂ ਹੋ ਕੇ ਕੁਝ ਕੁ ਸਾਲਾਂ ਤੱਕ ਦਾ ਇਹਨਾਂ ਦਾ ਜੀਵਨ ਹੈ। ਹਰ ਇਨਸਾਨ ਨੇ ਆਪਣੀ ਗਤੀਸ਼ੀਲ ਜਿੰਦਗੀ ਦੇ ਨਾਲ ਨਾਲ ਤੁਰਦੇ ਆਪਣੀ ਥਾਂ, ਆਪਣਾ ਕੰਮ, ਆਪਣੇ ਸ਼ੌਕ, ਆਪਣੀ ਪਸੰਦ, ਆਪਣੀ ਸੋਚ ਬਦਲਦੇ ਰਹਿਣਾ ਹੁੰਦਾ ਹੈ। ਇਹਨਾਂ ਬਦਲਦੀਆਂ ਪ੍ਰਸਥਿਤੀਆਂ ਵਿਚ ਪੁਰਾਣੇ ਦੋਸਤ ਟੁੱਟਦੇ ਰਹਿੰਦੇ ਹਨ ਅਤੇ ਨਵੇਂ ਦੋਸਤ ਬਣਦੇ ਵੀ ਰਹਿੰਦੇ ਹਨ। ਕੁਝ ਭਾਗਾਂ ਵਾਲੇ ਅਜਿਹੇ ਜਿਊੜੇ ਵੀ ਹੁੰਦੇ ਹਨ, ਜਿਹਨਾਂ ਨੇ ਜਿਸ ਨਾਲ ਇਕ ਵਾਰ ਦੋਸਤੀ ਬਣਾ ਲਈ, ਉਹ ਮਰਨ ਤੱਕ ਨਿਭਾਉਂਦੇ ਵੀ ਹਨ। ਭਾਵੇਂ ਇਸ ਨਿਭਣ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਅਤੇ ਦੁਸ਼ਵਾਰੀਆਂ ਵੀ ਆਉਂਦੀਆਂ ਹਨ ਪਰ ਜਿਹਨਾਂ ਹਿਰਦਿਆਂ ਵਿੱਚ ਪ੍ਰੇਮ ਹੈ ਉਹ ਔਖ ਝੱਲ ਕੇ ਵੀ ਦੋਸਤੀ ਪਾਲਦੇ ਹਨ।

ਅਰਬੀ ਵਿੱਚ ਦੋਸਤੀ ਦੇ 13 ਦਰਜੇ ਹਨ। ਬਹੁਤੇ ਲੋਕਾਂ ਦੇ ਜ਼ਿਆਦਾਤਰ ਦੋਸਤ 5ਵੇ ਦਰਜੇ ਜਾਂ ਇਸ ਤੋਂ ਹੇਠਾਂ ਦੇ ਹੁੰਦੇ ਹਨ। ਸਾਡੇ ਵਿੱਚੋਂ ਬਹੁਤਿਆਂ ਦਾ ਇੱਕ ਵੀ 12ਵੇ ਦਰਜੇ ਦਾ ਦੋਸਤ ਨਹੀਂ ਹੈ। ਜਮੈਲ ਕੋਈ ਅਜਿਹਾ ਵਿਅਕਤੀ ਜਿਸ ਨਾਲ ਤੁਹਾਡੀ ਸਿਰਫ ਮੁਲਾਕਾਤ ਦੀ ਹੱਦ ਤੱਕ ਜਾਣ ਪਛਾਣ ਹੋਵੇ। ਜਲੀਸ ਕੋਈ ਅਜਿਹਾ ਵਿਅਕਤੀ ਜਿਸ ਨਾਲ ਤੁਸੀਂ ਕੁਝ ਸਮਾਂ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਬਿਤਾ ਸਕਦੇ ਹੋ। ਸਮੀਰ ਕੋਈ ਅਜਿਹਾ ਵਿਅਕਤੀ ਜਿਸ ਨਾਲ ਤੁਹਾਨੂੰ ਗੱਲਬਾਤ ਕਰਨ ਵਿੱਚ ਕੋਈ ਦਿੱਕਤ ਮਹਿਸੂਸ ਨਾ ਹੋਵੇ। ਨਦੀਮ ਖਾਣ ਪੀਣ ਦਾ ਅਜਿਹਾ ਸਾਥੀ ਜਿਸ ਨੂੰ ਤੁਸੀਂ ਆਪਣੇ ਖਾਲੀ ਸਮੇਂ ਵਿੱਚ ਯਾਦ ਕਰ ਸਕੋ। ਸਾਹਿਬ ਕੋਈ ਅਜਿਹਾ ਵਿਅਕਤੀ ਜੋ ਤੁਹਾਡੀ ਭਲਾਈ ਲਈ ਚਿੰਤਤ ਹੋਵੇ। ਰਫ਼ੀਕ ਕੋਈ ਅਜਿਹਾ ਵਿਅਕਤੀ ਜਿਸ ਤੇ ਤੁਸੀਂ ਨਿਰਭਰ ਕਰ ਸਕਦੇ ਹੋ। ਤੁਸੀਂ ਸ਼ਾਇਦ ਆਪਣੀਆਂ ਛੁੱਟੀਆਂ ਉਸ ਨਾਲ ਬਿਤਾਉਣਾ ਚਾਹੋ। ਸਿੱਦੀਕ ਇੱਕ ਸੱਚਾ ਦੋਸਤ ਕੋਈ ਅਜਿਹਾ ਵਿਅਕਤੀ ਜੋ ਤੁਹਾਡੇ ਨਾਲ ਕਿਸੇ ਮਤਲਬ ਲਈ ਦੋਸਤੀ ਨਹੀਂ ਕਰਦਾ। ਇਸ ਦੀ ਬਜਾਇ ਉਸ ਨਾਲ ਤੁਹਾਡਾ ਰਿਸ਼ਤਾ ਨਿਰਸਵਾਰਥ, ਨਿਰਲੇਪ,ਦਿਖਾਵੇ ਤੋਂ ਬਿਨਾਂ, ਸੱਚਾਈ ਅਤੇ ਇਮਾਨਦਾਰੀ 'ਤੇ ਅਧਾਰਿਤ ਹੁੰਦਾ ਹੈ।

ਖਲੀਲ ਇੱਕ ਨਜ਼ਦੀਕੀ ਦੋਸਤ, ਕੋਈ ਅਜਿਹਾ ਵਿਅਕਤੀ ਜਿਸ ਦੀ ਮੌਜੂਦਗੀ ਤੁਹਾਨੂੰ ਖੁਸ਼ ਕਰਦੀ ਹੈ। ਅਨੀਸ ਕੋਈ ਅਜਿਹਾ ਵਿਅਕਤੀ ਜਿਸ ਦੀ ਮੌਜੂਦਗੀ ਵਿੱਚ ਤੁਸੀਂ ਸਕੂਨ ਮਹਿਸੂਸ ਕਰਦੇ ਹੋ। ਨਜੀ ਭਰੋਸੇਮੰਦ ਅਤੇ ਹਮਰਾਜ਼, ਕੋਈ ਅਜਿਹਾ ਵਿਅਕਤੀ ਜੋ ਤੁਹਾਡਾ ਹਮਰਾਜ਼ ਹੈ ਅਤੇ ਜਿਸ ਤੇ ਤੁਸੀਂ ਬਹੁਤ ਜਿਆਦਾ ਭਰੋਸਾ ਕਰਦੇ ਹੋ। ਸਫੀ ਤੁਹਾਡਾ ਸਭ ਤੋਂ ਵਧੀਆ ਦੋਸਤ, ਕੋਈ ਅਜਿਹਾ ਵਿਅਕਤੀ ਜਿਸ ਨੂੰ ਤੁਸੀਂ ਦੂਜੇ ਦੋਸਤਾਂ ਨਾਲੋਂ ਤਰਜੀਹ ਦਿੰਦੇ ਹੋ। ਕਰੀਨ ਕੋਈ ਅਜਿਹਾ ਵਿਅਕਤੀ ਜਿਸ ਨਾਲ ਜੋ ਤੁਹਾਡੇ ਤੋਂ ਵੱਖ ਨਾ ਹੋਵੇ। ਨਾ ਸਿਰਫ ਤੁਸੀਂ ਜਾਣਦੇ ਹੋ ਕਿ ਉਹ ਕਿਵੇਂ ਸੋਚਦਾ ਹੈ ਬਲਕਿ ਉਹ ਤੁਹਾਡੇ ਵਿਚਾਰਾਂ ਤੋਂ ਵੀ ਜਾਣੂ ਹੋਵੇ ਤੁਸੀਂ ਦੋਵੇਂ ਇੱਕ ਦੂਜੇ ਦੇ ਮਿਜਾਜ ਨੂੰ ਜਾਣਦੇ ਹੋ।

ਹਬੀਬ ਇਹ ਦੋਸਤੀ ਦਾ ਸਭ ਤੋਂ ਉੱਤਮ ਦਰਜਾ ਹੈ ਜਿਸ ਵਿੱਚ ਇੱਕ ਦੋਸਤ ਮਿੱਤਰਤਾ ਦੇ ਹੋਰ ਸਾਰੇ ਗੁਣਾਂ ਦੇ ਨਾਲ ਨਾਲ ਮਹਿਬੂਬ ਦਾ ਦਰਜਾ ਲੈ ਲੈਂਦਾ ਹੈ। ਭਾਵ ਇਕ ਅਜਿਹਾ ਵਿਅਕਤੀ ਜਿਸ ਨਾਲ ਨਿਰਸਵਾਰਥ ਮੁੱਹਬਤ ਹੋਵੇ। ਸੋ ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਦਰਜੇ ਦੇ ਦੋਸਤ ਬਣਾ ਰਹੇ ਹਾਂ। ਕ੍ਰਿਸ਼ਨ ਸੁਦਾਮੇ ਦੀ ਦੋਸਤੀ ਇਤਿਹਾਸ ਦੀ ਇਕ ਬਹੁਤ ਵਧੀਆ ਮਿਸਾਲ ਹੈ ਜਿੱਥੇ ਸੁਦਾਮੇ ਨੇ ਬਚਪਨ ਵਿਚ ਕ੍ਰਿਸ਼ਨ ਨੂੰ ਸੱਤੂ ਖਵਾਏ ਸੀ, ਤਾਂ ਰਾਜਾ ਬਣੇ ਕ੍ਰਿਸ਼ਨ ਨੇ ਸੁਦਾਮੇ ਨੂੰ ਨਾ ਕੇਵਲ ਪੂਰਾ ਮਾਣ ਸਤਿਕਾਰ ਹੀ ਦਿੱਤਾ, ਸਗੋਂ ਉਸਦੀ ਆਰਥਿਕ ਤੌਰ ਤੇ ਮੱਦਦ ਵੀ ਕੀਤੀ। ਭਾਈ ਮਰਦਾਨੇ ਦੀ ਗੁਰੂ ਨਾਨਕ ਜੀਂ ਨਾਲ, ਸਾਈਂ ਮੀਆਂ ਮੀਰ ਦੀ ਗੁਰੂ ਅਰਜਨ ਜੀ ਨਾਲ ਅਤੇ ਭਾਈ ਬੁੱਧੂ ਸ਼ਾਹ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਪ੍ਰੇਮ ਅਤੇ ਦੋਸਤੀ ਦੀ ਗੱਲ ਅਸੀਂ ਅੱਜ ਤੱਕ ਪਾਉਂਦੇ ਆ ਰਹੇ ਹਾਂ। ਵਿਸ਼ਵ ਦਾ ਇਤਿਹਾਸ ਦੋਸਤੀਆਂ ਦੇ ਲੰਮੇ ਅਜਿਹੇ ਕਿੱਸਿਆਂ ਨਾਲ ਭਰਿਆ ਪਿਆ ਹੈ ਜਿੱਥੇ ਇੱਕ ਦੋਸਤ ਨੇ ਦੂਜੇ ਦੀ ਖੁਸ਼ੀ ਲਈ, ਸੰਕਟ ਦੂਰ ਕਰਨ ਲਈ ਆਪਣੀ ਜਾਨ ਤੱਕ ਦੀ ਵੀ ਪਰਵਾਹ ਨਾ ਕੀਤੀ ਹੋਵੇ।

ਆਮ ਤੌਰ 'ਤੇ ਹਰ ਦੋਸਤੀ ਜਾਂ ਸਾਂਝ ਦਾ ਕੋਈ ਨਾ ਕੋਈ ਆਧਾਰ ਹੁੰਦਾ ਹੈ। ਇਹ ਸਾਂਝ ਇੱਕੋ ਜਿਹੇ ਸ਼ੌਕ ਜਾਂ ਰੁਚੀਆਂ ਤੋਂ ਸ਼ੁਰੂ ਹੋ ਸਕਦੀ ਹੈ। ਖਿਡਾਰੀ, ਸੰਗੀਤਕਾਰ, ਗਾਇਕ, ਲੇਖਕ, ਕਲਾਕਾਰ ਆਦਿ ਆਪਣੀਆਂ ਇਹਨਾਂ ਰੁਚੀਆਂ ਕਰਕੇ ਦੋਸਤੀ ਵਧਾਉਂਦੇ ਹਨ। ਇੱਕੋ ਸ਼ਖਸ਼ੀਅਤ ਦੇ ਪ੍ਰਸੰਸਕ ਵੀ ਦੋਸਤ ਬਣ ਜਾਂਦੇ ਹਨ। ਇੱਕੋ ਧਰਮ, ਇੱਕੋ ਜਾਤ, ਇਕੋ ਭਾਸ਼ਾ, ਇੱਕੋ ਇਲਾਕਾ, ਵੀ ਵਿਅਕਤੀਆਂ ਨੂੰ ਜੋੜਨ ਦਾ ਸਬੱਬ ਬਣਦਾ ਹੈ। ਕਿਸੇ ਕਿੱਤੇ ਨਾਲ ਜੁੜੇ ਹੋਏ, ਉਸ ਕਿੱਤੇ ਨਾਲ ਸੰਬੰਧਿਤ ਲੋਕਾਂ ਨਾਲ ਸੰਬੰਧ ਪੈਦਾ ਹੁੰਦੇ ਹਨ, ਜਿਹਨਾਂ ਵਿਚੋਂ ਕੁਝ ਸੰਬੰਧ ਦੋਸਤੀ ਦੇ ਪੱਧਰ ਤੇ ਪੁੱਜ ਜਾਂਦੇ ਹਨ। ਇਹਨਾਂ ਵਿਚੋਂ ਕੁਝ ਤੋੜ ਤੱਕ ਨਿਭ ਵੀ ਜਾਂਦੇ ਹਨ, ਬਹੁਤੀ ਵਾਰੀ ਕੁਝ ਸਮੇਂ ਪਿੱਛੋਂ ਇਹ ਖਤਮ ਵੀ ਹੋ ਜਾਂਦੀਆਂ ਹਨ। ਇੱਕ ਗੱਲ ਪੱਕੀ ਹੈ, ਜਿੰਨਾ ਕੋਈ ਵਿਅਕਤੀ ਕਿਸੇ ਵੀ ਖੇਤਰ ਵਿੱਚ ਬਹੁਤ ਜਿਆਦਾ ਮਾਹਰ ਹੈ ਜਾਂ ਬਹੁਤ ਜਿਆਦਾ ਰੁਚੀ ਲੈਂਦਾ ਹੈ, ਉਤਨਾ ਉਹ ਉਸ ਖੇਤਰ ਦੇ ਹੋਰ ਵਿਅਕਤੀਆਂ ਨਾਲ ਜਿਆਦਾ ਸੰਬੰਧ ਬਣਾ ਕੇ ਰੱਖੇਗਾ।

ਤਸਵੀਰ ਦਾ ਦੂਜਾ ਪੱਖ ਵੀ ਹੈ। ਇਨਸਾਨੀ ਮਨ ਚੰਚਲ ਹੈ, ਮੋਹ ਮਾਇਆ ਦੇ ਲੋਭ ਵਿਚ ਭਟਕਦਾ ਰਹਿੰਦਾ ਹੈ। ਅਜਿਹੇ ਕਿੱਸੇ ਵੀ ਕੋਈ ਘੱਟ ਨਹੀਂ ਜਿੱਥੇ ਦੋਸਤੀ ਵਿਚ ਬੇਵਫ਼ਾਈ ਅਤੇ ਧੋਖੇ ਵੀ ਮਿਲਦੇ ਹਨ। ਕਦੇ ਕਿਸੇ ਦੋਸਤ ਨੇ ਦੂਜੇ ਦੋਸਤ ਦੀ ਧਨ ਦੌਲਤ ਤੇ ਨਜ਼ਰ ਟਿਕਾ ਲਈ, ਕਦੇ ਕਿਸੇ ਨੇ ਦੋਸਤ ਦੀ ਭੈਣ, ਪਤਨੀ ਜਾਂ ਕਿਸੇ ਹੋਰ ਰਿਸ਼ਤੇ ਦੀ ਔਰਤ ਤੇ ਬੁਰੀ ਨਜ਼ਰ ਰੱਖ ਲਈ। ਫੇਰ ਅਜਿਹੀਆਂ ਦੋਸਤੀਆਂ ਨੂੰ ਦੁਸ਼ਮਣੀਆਂ ਵਿੱਚ ਬਦਲਦੇ ਵੀ ਪੜ੍ਹਦੇ ਸੁਣਦੇ ਦੇਖਦੇ ਹਾਂ। ਦੋਸਤ ਦੀ ਤਾਂ ਹਲਕੀ ਜਿਹੀ ਬੇਸਮਝੀ ਵੀ ਬਰਦਾਸ਼ਤ ਨਹੀਂ ਕੀਤੀ ਜਾਂਦੀ, ਬੇਵਫ਼ਾਈ ਅਤੇ ਧੋਖੇ ਤਾਂ ਬਿਲਕੁਲ ਹੀ ਤੋੜ ਕੇ ਰੱਖ ਦਿੰਦੇ ਹਨ। ਯਾਦ ਕਰੀਏ ਜਦੋ ਮਨਸੂਰ ਨੂੰ ਪੱਥਰ ਮਾਰਨ ਦੀ ਸਜਾ ਸੁਣਾਈ ਗਈ ਸੀ ਤੇ ਮਨਸੂਰ ਦੇ ਦੋਸਤ ਨੇ ਉਸਦੇ ਫੁੱਲ ਮਾਰ ਦਿੱਤਾ ਸੀ, ਤੇ ਮਨਸੂਰ ਫੁੱਲ ਦੀ ਚੋਟ ਨਹੀਂ ਸੀ ਸਹਾਰ ਸਕਿਆ, ਉਹ ਰੋ ਪਿਆ ਸੀ। ਕਿਸੇ ਸ਼ਾਇਰ ਦੇ ਸ਼ਬਦਾਂ ਵਿੱਚ ਦੁਨੀਆਂ ਦੇ ਪੱਥਰਾਂ ਦੀ ਸਾਨੂੰ ਪੀੜ ਰਤਾ ਨਾ ਹੋਈ ।

ਸੱਜਣਾ ਨੇ ਫੁੱਲ ਮਾਰਿਆ ਸਾਡੀ ਰੂਹ ਅੰਬਰਾਂ ਤੱਕ ਰੋਈ ॥

ਜਦੋਂ ਇਹ ਦੋਸਤੀ ਵਿਰੋਧੀ ਲਿੰਗ ਵਾਲੇ ਵਿਅਕਤੀ ਨਾਲ ਹੋਵੇ, ਤਾਂ ਇਹ ਸੰਬੰਧ ਬਹੁਤ ਜਿਆਦਾ ਨਾਜ਼ਕ ਹੁੰਦਾ ਹੈ। ਇਸ ਨੂੰ ਬਣਾਈ ਰੱਖਣਾ ਕਾਫੀ ਜ਼ਿਆਦਾ ਵੱਡੀ ਜ਼ਿੰਮੇਵਾਰੀ ਮੰਗਦਾ ਹੈ। ਵਧੇਰੇ ਉੱਨਤ ਅਤੇ ਪੱਛਮੀ ਦੇਸ਼ਾਂ ਲਈ ਲੜਕੇ ਲੜਕੀ ਦੀ ਦੋਸਤੀ ਬਿਲਕੁਲ ਉਸੇ ਅੰਦਾਜ ਵਿਚ ਹੈ, ਜਿਵੇਂ ਦੋ ਲੜਕਿਆਂ ਦੀ ਜਾਂ ਦੋ ਲੜਕੀਆਂ ਦੀ। ਪਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਨੇ ਅਜੇ ਇਸ ਪੱਧਰ ਤੇ ਆਪਣੀ ਮਾਨਸਿਕਤਾ ਨਹੀਂ ਬਣਾਈ ਹੁੰਦੀ। ਇਹਨਾਂ ਦੇਸ਼ਾਂ ਵਿਚ ਲੜਕੇ–ਲੜਕੀ ਦੀ ਦੋਸਤੀ ਦਾ ਅਰਥ ਪ੍ਰੇਮੀ ਪ੍ਰੇਮਿਕਾ ਰਾਹੀਂ ਪਤੀ ਪਤਨੀ ਬਣਨ ਦਾ ਹੈ। ਇਸਤੋਂ ਬਿਨਾਂ ਇਹ ਭੈਣ ਭਰਾ ਦੇ ਰਿਸ਼ਤੇ ਤੇ ਆ ਜਾਂਦੇ ਹਨ । ਇੱਕ ਲੜਕੇ ਅਤੇ ਲੜਕੀ ਨੂੰ ਦੋਸਤਾਂ ਵਾਂਗ ਖੁਲ੍ਹਾ ਵਿਚਰਨਾ ਅਜੇ ਇਹਨਾਂ ਸਮਾਜਾਂ ਵਿੱਚ ਪ੍ਰਵਾਨਿਤ ਨਹੀਂ। ਭਾਵੇ ਹੁਣ ਕੁਝ ਸੋਚ ਬਦਲ ਰਹੀ ਹੈ। ਅਤੇ ਆਸ ਕਰਦੇ ਹਾਂ ਕਿ ਹੌਲੀ ਹੌਲੀ ਹੋਰ ਸੁਧਾਰ ਹੋਏਗਾ।



ਜਸਵਿੰਦਰ ਸਿੰਘ ਰੁਪਾਲ
9814715796

ਅੱਜ ਮੀਡੀਆ ਦਾ ਯੁੱਗ ਹੈ। ਸੋਸ਼ਲ ਮੀਡੀਆ ਨੇ ਬਹੁਤ ਸਾਰੀਆਂ ਨਵੀਆਂ ਸਮੀਕਰਣਾਂ ਬਣਾ ਦਿੱਤੀਆਂ ਹਨ। ਅਕਸਰ ਇਹ ਕਿਹਾ ਜਾਂਦਾ ਹੈ ਕਿ ਮੋਬਾਈਲ ਫੋਨ ਨੇ ਦੂਰ ਵਾਲੇ ਨੇੜੇ ਕਰ ਦਿੱਤੇ ਹਨ ਅਤੇ ਨੇੜੇ ਵਾਲੇ ਦੂਰ ਕਰ ਦਿੱਤੇ ਹਨ। ਕੋਈ ਸ਼ੱਕ ਨਹੀਂ ਕਿ ਸੋਸ਼ਲ ਮੀਡੀਆ ਨੇ ਬਹੁਤ ਦੂਰ ਦੂਰ ਬੈਠੇ ਬਹੁਤ ਨੇੜੇ ਲੈ ਆਂਦੇ ਹਨ। ਇਹ ਦੋਸਤੀਆਂ ਬਹੁਤੀ ਵਾਰੀ ਆਰਜੀ ਹੁੰਦੀਆਂ ਹਨ। ਕਿਤੇ ਕਿਤੇ ਬਹੁਤ ਦੇਰ ਤੱਕ ਨਿਭਣ ਵਾਲੀਆਂ ਅਤੇ ਬਹੁਤ ਗੂੜ੍ਹੀਆਂ ਦੋਸਤੀਆਂ ਵੀ ਇਸ ਮੰਚ ਨੇ ਬਣਾਈਆਂ ਹਨ ਪਰ ਦੂਜੇ ਪਾਸੇ ਇਸੇ ਮੀਡੀਆ ਨੇ ਧੋਖੇ, ਅਸ਼ਲੀਲਤਾ ਅਤੇ ਹਿੰਸਾ ਫੈਲਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ ਕਿਉਂਕਿ ਵੱਡੀ ਗੱਲ ਤਾਂ ਇਸਨੂੰ ਵਰਤਣ ਵਾਲੇ ਤੇ ਨਿਰਭਰ ਕਰਦੀ ਹੈ ਕਿ ਉਹ ਹੋਰਾਂ ਨਾਲ ਗੱਲਬਾਤ ਕਰਨ ਸਮੇਂ ਅਤੇ ਕੁਮੈਂਟ ਕਰਨ ਸਮੇਂ ਕਿਸ ਸੋਚ ਨਾਲ ਕਿਸ ਭਾਸ਼ਾ ਦੀ ਵਰਤੋਂ ਕਰਦਾ ਹੈ। ਪਾਰਾ ਆਮ ਵਿਅਕਤੀ ਲਈ ਜ਼ਹਿਰ ਹੈ, ਪਰ ਇੱਕ ਹਕੀਮ ਦੇ ਹੱਥਾਂ ਵਿੱਚ ਜਾ ਕੇ ਅਉਖਧ ਬਣ ਜਾਂਦਾ ਹੈ। ਠੀਕ ਵਰਤੋਂ ਕਰਨ ਨਾਲ ਇਸ ਪਲੇਟਫਾਰਮ ਤੋਂ ਵੀ ਵਧੀਆ, ਟਿਕਾਊ ਅਤੇ ਚੰਗੇ ਸੰਬੰਧ ਸਿਰਜੇ ਜਾ ਸਕਦੇ ਹਨ। ..

ਆਰਥਿਕ ਪੱਖ ਦੀ ਗੱਲ ਨਾ ਕਰੀਏ, ਤਾਂ ਵਿਚਾਰ ਅਧੂਰੀ ਰਹਿ ਜਾਏਗੀ। ਦੋਸਤੀ ਦੀ ਪਵਿੱਤਰਤਾ ਅਤੇ ਮਹੱਤਵ ਨੂੰ ਧੁਰ ਹਿਰਦੇ ਤੋਂ ਪਹਿਚਾਨਣ ਵਾਲਿਆਂ ਲਈ ਮਾਇਆ ਕਦੇ ਰੁਕਾਵਟ ਨਹੀਂ ਬਣਦੀ। ਪਰ ਉਸ ਡੂੰਘੇ ਅਹਿਸਾਸ ਤੋਂ ਵੰਚਿਤ ਲੋਕਾਂ ਦੇ ਮੂੰਹੋਂ ਅਕਸਰ ਸੁਣਦੇ ਹਾਂ ਕਿ ਪੈਸਾ ਵਿੱਚ ਆਇਆ ਤੇ ਦੋਸਤੀ ਜਾਂ ਸੰਬੰਧ ਟੁੱਟਿਆ। ਇਹ ਸੰਬੰਧ ਟੁੱਟਣ ਦੀ ਨੌਬਤ ਉਦੋਂ ਹੀ ਆਉਂਦੀ ਹੈ, ਜਦੋ ਅਸੀਂ ਵੱਧ ਦੀ ਕਾਮਨਾ ਕਰਦੇ ਹਾਂ, ਦੂਸਰੇ ਦੀ ਹਾਲਤ ਨੂੰ ਆਪਣੀ ਨਹੀਂ ਸਮਝਦੇ। ਲੋੜ ਤੋਂ ਵੱਧ ਕੀਤੀ ਆਸ, ਲੋੜ ਤੋਂ ਵੱਧ ਕੀਤਾ ਵਿਸ਼ਵਾਸ਼ ਅਤੇ ਲੋੜ ਤੋਂ ਵੱਧ ਰੱਖਿਆ ਅਧਿਕਾਰ ਅੰਤ ਵਿਚ ਖੁਆਰ ਕਰ ਸਕਦੇ ਹਨ। ਕਿਸੇ ਨੇ ਬਹੁਤ ਠੀਕ ਕਿਹਾ ਹੈ ਕਿ ਸੰਬੰਧ ਬਣਾਉਣ ਲਈ ਦਿਲ ਦੀ ਵਰਤੋਂ ਕਰੋ, ਪਰ ਉਨ੍ਹਾਂ ਨੂੰ ਨਿਭਾਉਣ ਲਈ ਦਿਮਾਗ ਦੀ ਵਰਤੋਂ ਵੀ ਜਰੂਰ ਕਰੋ। ਜੇ ਸਾਡੇ ਮਨ ਵਿਚ ਸਾਂਝ, ਦੋਸਤੀ ਅਤੇ ਪ੍ਰੇਮ ਲਈ ਲਗਨ ਬਣੀ ਰਹੇ, ਇਹ ਜੋਤ ਜਗਦੀ ਰਹੇ ਤਾਂ ਅਸੀਂ ਸਦਾ ਹੀ ਜਾਗ੍ਰਿਤ ਹੋ ਕੇ ਇਹ ਵਿਸ਼ਲੇਸ਼ਣ ਵੀ ਕਰਨ ਦੇ ਯੋਗ ਹੋ ਸਕਾਂਗੇ ਕਿ ਕੋਈ ਵੀ ਦੋਸਤੀ ਦਾ ਰੰਗ ਕਦੋਂ ਫਿੱਕਾ ਪੈਣ ਲੱਗਦਾ ਹੈ। ਸੁਚੇਤ ਮਨ, ਇੱਕ ਦਮ ਹਰਕਤ ਵਿੱਚ ਆ ਜਾਏਗਾ। ਬਹੁਤ ਹਲਕਾ ਜਿਹਾ ਸ਼ੱਕ, ਬੇਵਿਸ਼ਵਾਸੀ, ਓਹਲਾ,ਹਲਕੀ ਜਿਹੀ ਵੀ ਬੇਧਿਆਨੀ, ਗੂੜ੍ਹੇ ਤੋਂ ਗੂੜ੍ਹੇ ਸੰਬੰਧ ਨੂੰ ਤਹਿਸ਼ ਨਹਿਸ਼ ਕਰਨ ਦੀ ਤਾਕਤ ਰੱਖਦੀ ਹੈ। ਪਰ ਅੰਦਰੋਂ ਬਾਹਰੋਂ ਇੱਕ ਹੋ ਕੇ ਗੱਲ ਕਰਨ ਵਾਲੇ ਆਪਣਾ ਵਿਸ਼ਵਾਸ਼ ਬਣਾਈ ਰੱਖਣ ਵਿੱਚ ਜਰੂਰ ਕਾਮਯਾਬ ਹੁੰਦੇ ਹਨ। ਜਿਸ ਸਖਸ਼ ਨੂੰ ਆਪਣੀ ਕਿਸੇ ਵੀ ਭੁੱਲ ਲਈ ਮੁਆਫੀ ਮੰਗਣ ਦੀ ਜਾਚ ਆਉਂਦੀ ਹੋਵੇ, ਜਿਹੜਾ ਦੂਸਰੇ ਦੀ ਗਲਤੀ ਜਾਂ ਭੁੱਲ ਨੂੰ ਧੁਰ ਅੰਦਰੋਂ ਮੁਆਫ ਕਰ ਸਕੇ, ਉਹ ਦੋਸਤੀ ਦੇ ਰਾਹਾਂ ਤੇ ਹਮੇਸ਼ਾ ਮਹਿਕਾਂ ਵੰਡਦੇ ਫੁੱਲ ਵਿਛਾਉਣ ਵਿੱਚ ਸਫਲ ਹੁੰਦਾ ਹੈ। ਆਓ ਆਪਣੇ ਦਿਲਾਂ ਨੂੰ ਵਿਸ਼ਾਲ ਕਰੀਏ। ਦੋਸਤੀਆਂ ਪਾਈਏ ਵੀ ਅਤੇ ਨਿਭਾਈਏ ਵੀ। ਜੇ ਕਦੇ ਕਿਸੇ ਦੋਸਤ ਨੂੰ ਕਿਸੇ ਕਾਰਨ ਸਾਡੇ ਤੋਂ ਦੂਰ ਹੋਣਾ ਪੈ ਗਿਆ, ਉਹ ਰੁਝੇਵੇਂ ਵਿੱਚ ਬੁਲਾ ਨਾ ਸਕਿਆ, ਕਿਤੇ ਲੋੜ ਵੇਲੇ ਸਾਡੀ ਇੱਛਾ ਅਨੁਸਾਰ ਸਾਥ ਨਾ ਦੇ ਸਕਿਆ, ਤਾਂ ਇੱਕਦਮ ਭੜਕ ਨਾ ਜਾਈਏ। ਉਹ ਵੀ ਕਿਸੇ ਹਾਲਾਤ ਜਾਂ ਮਜਬੂਰੀ ਦਾ ਸਤਾਇਆ ਹੋ ਸਕਦਾ ਹੈ। ਆਪਣੀ ਹਉਮੈ ਨੂੰ ਤਿਆਗ ਕੇ ਹੀ ਕੋਈ ਵੀ ਸੰਬੰਧ ਸੁਖਾਵਾਂ ਰਹਿ ਸਕਦਾ ਹੈ।

ਗੁਰੂ ਸਾਹਿਬ ਉਨ੍ਹਾਂ ਨੂੰ ਦੋਸਤ ਆਖਦੇ ਹਨ, ਜਿਹਨਾਂ ਨੂੰ ਮਿਲ ਕੇ ਸਾਡੀ ਬੁਰੀ ਮੱਤ ਦੂਰ ਹੋਵੇ ।

ਜਿਨਾ ਦਿਸੰਦੜਿਆਂ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥...............(ਪੰਨਾ 520, ਮ : 5)

ਕੋਈ ਪਦਾਰਥਕ ਵਸਤੂ ਜਾਂ ਮਾਇਆ, ਕੋਈ ਸੰਬੰਧੀ ਜਾਂ ਵਿਅਕਤੀ, ਕੋਈ ਧਰਮ, ਜਾਤ, ਨਸਲ, ਇਲਾਕਾ ਆਦਿ ਦੀ ਕੰਧ ਸਾਡੇ ਇਸ ਪਵਿੱਤਰ ਰਿਸ਼ਤੇ ਵਿੱਚ ਰੁਕਾਵਟ ਨਾ ਬਣ ਸਕੇ। ਇੱਕ ਖੂਬਸੂਰਤ ਅਤੇ ਪ੍ਰੇਮ ਭਿੱਜਿਆ ਸੰਸਾਰ ਸਿਰਜਣ ਲਈ ਅਸੀਂ ਆਪਣੀ ਪੂਰੀ ਨਿਮਰਤਾ ਅਤੇ ਪਿਆਰ ਨਾਲ ਦੋਸਤੀਆਂ ਪਾਵਾਂਗੇ ਅਤੇ ਨਿਭਾਂਵਾਂਗੇ ਤਾਂ ਇਹ ਸਾਡੀ ਆਦਤ ਵਿੱਚ ਸ਼ਾਮਲ ਹੋ ਸਕੇਗਾ। ਆਸ ਕਰੀਏ ਕਿ ਇਹ ਬਣੀ ਹੋਈ ਆਦਤ ਇੰਨਾ ਵੱਡਾ ਵਿਸ਼ਵਾਸ ਪੈਦਾ ਕਰ ਸਕੇ ਜਿੱਥੇ ਸਾਨੂੰ ਕਿਸੇ ਪੁਲਿਸ ਫੌਜ ਆਦਿ ਦੀ ਲੋੜ ਹੀ ਨਾ ਰਹੇ। ਦੇਸ਼ਾਂ ਦੀਆਂ ਹੱਦਬੰਦੀਆਂ ਖਤਮ ਹੋ ਜਾਣ ਅਤੇ ਸਾਰਾ ਵਿਸ਼ਵ ਸੱਚਮੁੱਚ ਦਾ ਇੱਕ ਵੱਡਾ ਪਿੰਡ ਹੋਵੇ ਜਿੱਥੇ ਲੋਕ ਸਿਰਫ ਪਿਆਰ ਅਤੇ ਦੋਸਤੀ ਹੀ ਕਰਨੀ ਜਾਣਦੇ ਹੋਣ, ਵਾਰ ਭਾਵ ,ਈਰਖਾ, ਦੁਸ਼ਮਣੀ ਨੂੰ ਇਸ ਪਿੰਡ ਵਿਚ ਦਾਖਲਾ ਹੀ ਨਾ ਮਿਲੇ॥ ਆਓ ਮਿਲ ਕੇ ਅਰਦਾਸ ਕਰੀਏ, ਤਾਂ ਕਿ ਅਜਿਹੇ ਦਿਨ ਮਨਾਉਣੇ ਸਾਰਥਕ ਹੋ ਜਾਣ।

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ। ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale | 905-497-6300 | 1098 Peter Robertson Blvd., #3 (Springdale) Brampton
Hamilton | 905-930-7700 | 06-141 Highway 8, Stoney Creek
Brampton | 905-595-2000 | 499 Ray Lawson Blvd., Unit #32, Brampton, ON
Markham | 416-603-1800 | 45 Karachi Dr., Unit 45 Markham
Airport Rd. | 905-595-1700 | 60 Cottrelle Blvd. Unit 12C, Brampton
India | 01624-223315-16-17 | opp Union Bank of India Tehsil Rd, Jagraon

SKYDOME GROUP OF COMPANIES
Ontario MINISTRY OF TRANSPORTATION Approved Repair Centre
FLEET DISCOUNTS
Towing Across North America
www.skydomeauto.ca
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
FCA MOPAR Certified Collision Repair Facility
CERTIFIED
Daljit Singh Gaidhu
Satnam Singh | Satbir Singh | Inderpal Singh | InderJit Singh
www.skydomeauto.ca
http://skydomeauto.goldbook.ca
TIRES
4 Locations To Serve You! Head Office: 905-874-9878
SKYDOME AUTO & BODY CENTRE, 308 Rutherford Rd. Brampton, ON L6W 3K7, Office: 905-874-9878 | Fax: 905-874-9747, skydome_auto@hotmail.com
SKYDOME EMISSION & ALIGNMENT CENTRE, 210 RUTHERFORD RD SOUTH, OFFICE : 9054509878, FAX:-905-450-9808.
SKYDOMETRUCK CENTRE, 30 STAFFORD DR BRAMPTON, OFFICE: 905-460-1414, FAX: 905-460-9451
SKYDOME AUTO SALES, 30 STAFFORD DR, BRAMPTON, ON, L6W 1L4, DILJIT : 416-305-9878
ONTARIO'S DRIVE CLEAN

ASIAN FOOD CENTER
WHOLESALER & RETAILER
www.asianfoodcentre.ca
ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338